**WATNO DUR**

**JULY/AUGUST 1980**

**P.O. Box 67681 Stn. 'O'**
**Vancouver, B.C. V5W 3V2**

# ਵਤਨੋਂ ਦੂਰ

ਪੰਜਾਬੀ ਸਾਹਿਤ ਦੇ ਦੋ ਸ਼੍ਰੋਮਣੀ ਸਾਹਿਤਕਾਰ
ਕੈਨੇਡਾ ਵਿਚ



ਪ੍ਰੋ: ਸੰਤ ਸਿੰਘ ਸੇਖੋਂ



ਗੁਰਦਿਆਲ ਸਿੰਘ

“ONE-STOP” GROCERY CENTRE

# MAIN FOOD CENTRE

**6681 Main St. [at 51st. Ave.]**

**PHONE: 324-4185**

# FIGURE ON SAVINGS

**WHEN YOU FOOD SHOP HERE**

master charge

VISA

# *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH**
**QUALITY GROCERY ITEMS**

**6681 MAIN STREET, VANCOUVER**

LITERARY & CULTURAL
MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿੱਤਕ ਤੇ
ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | | |
|---|---|---|---|
| 2nd Class Mail Reg. No. 3233<br>ANNUAL SUBSCRIPTION: | Canada-U.S.A. $6.00<br>Other SEA $8.00<br>Countries AIR $9.00 | **Vol. 9 No. 81**<br>**JULY/AUGUST 1980** | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
Sadhu, 437-9014

**ASSISTANT EDITOR:**
Subhwant Hundal, 321-9221

**ADVERTISING EDITOR:**
Karamjit Ghuman, 321-6081

**CIRCULATION EDITOR**
Amarjit Chahal, 892-3085

**MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, 253-9711 (Windsor)

**WATNO DUR REPRESENTATIVES:**

Raghbir Mand, 325-9564 Vancouver
Iqbal Ramuwalia, Toronto
Gurcharan Tallewalia, Richmond (271-4742)
Gill Avtar, Sherwood Park, Alta. (464-3861)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਇਸ ਅੰਕ ਵਿੱਚ :

ਨਿਬੰਧ: ਸੰਤ ਸਿੰਘ ਸੇਖੋਂ
ਨਾਵਲ ਦਾ ਕਾਂਡ: ਗੁਰਦਿਆਲ ਸਿੰਘ
ਕਵਿਤਾ : ਸੰਤੋਖ ਸਿੰਘ ਸੰਤੋਖ, ਸੁਖਿੰਦਰ, ਕੁਲਵੰਤ ਜਗਰਾਓਂ, ਆਤਮ ਰਾਮ ਕਿਸ਼ਨਪੁਰ, ਸੁਰਿੰਦਰ ਧੰਜਲ, ਦੇਵ ਗਾੜ੍ਹੇ, ਮਨਜੀਤ ਇੰਦਰਾ, ਸੁਰਜੀਤ ਧੰਜਾ, ਸਾਧੂ।
ਕਹਾਣੀ : ਗੁਰਮੀਤ ਪਨਾਗੀ
ਸੁਰਜੀਤ ਕਲਸੀ
ਰੀਪੋਰਟ : ਸੁਖਵੰਤ ਹੁੰਦਲ
ਲੇਖ : ਅਮਰਜੀਤ ਸੂਫ਼ੀ

ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਸੰਪਾਦਕੀ:

ਪਹਿਲਾ ਵਿਸ਼ਵ ਪੰਜਾਬੀ ਸੰਮੇਲਨ 6 ਜੂਨ ਤੋਂ 22 ਜੂਨ, 1980 ਤੱਕ ਬਰਤਾਨੀਆ ਵਿਚ ਹੋਇਆ ਜਿਸ ਵਿਚ ਭਾਰਤ, ਵਿਦੇਸ਼ਾਂ ਅਤੇ ਪਾਕਿਸਤਾਨ ਤੋਂ ਆਏ ਲੇਖਕਾਂ ਵਲੋਂ ਪਰਚੇ ਪੜ੍ਹੇ ਗਏ, ਸਾਹਿਤਕ ਗੋਸ਼ਟੀਆਂ ਹੋਈਆਂ ਅਤੇ ਵਿਦੇਸ਼ਾਂ ਦੇ ਵਿਭਿੰਨ ਸਥਿਤੀਆਂ ਤੇ ਪੰਜਾਬੀ ਸਾਹਿਤ ਦਾ ਰਚਨਾ ਕੀਤਾ। ਸੰਮੇਲਨ ਦੀ ਸਫਲਤਾ ਜਾਂ ਅਸਫਲਤਾ ਬਾਰੇ ਕੁਝ ਲੇਖਕਾਂ ਦੀਆਂ ਰਾਵਾਂ ਅਸੀਂ "ਵਤਨੋਂ ਦੂਰ" ਦੇ ਅਗਲੇ ਅੰਕਾਂ ਵਿਚ ਛਾਪਣ ਦਾ ਯਤਨ ਕਰਾਂਗੇ; ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਹ ਇਕ ਕਿਸਮ ਦਾ ਪਹਿਲਾ ਵਿਸ਼ਵ ਸੰਮੇਲਨ ਹੈ ਤੇ ਇਸ ਪਹਿਲਕਦਮੀ ਲਈ ਇਸ ਦੇ ਪ੍ਰਬੰਧਕ/ਲੇਖਕ ਸਾਡੀ ਵਧਾਈ ਦੇ ਪਾਤਰ ਹਨ।

ਸ੍ਰੀ ਪ੍ਰੀਤਮ ਸਿੰਘ ਪੀ.ਸੀ.ਐਸ. ਚੰਡੀਗੜ੍ਹ ਤੋਂ ਪ੍ਰਾਪਤ ਹੋਈ ਇਕ ਚਿੱਠੀ ਅਨੁਸਾਰ ਵਿਸ਼ਵ ਸੰਮੇਲਨ ਦੀ ਪਰੰਪਰਾ ਨੂੰ ਅੱਗੇ ਜਾਰੀ ਰੱਖਣ ਲਈ ਸਮਾਗਮ ਵਿਚ ਇਕ ਅੰਤਰਰਾਸ਼ਟਰੀ ਤਾਲਮੇਲ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਦੇ ਜਨਰਲ ਸਕੱਤਰ ਪ੍ਰੀਤਮ ਸਿੰਘ ਪੀ.ਸੀ.ਐਸ. ਨਿਯੁਕਤ ਕੀਤੇ ਗਏ ਹਨ, ਤੇ ਉਨ੍ਹਾਂ ਅਨੁਸਾਰ ਕੈਨੇਡਾ ਵਿਚੋਂ ਦੋ ਮੈਂਬਰਾਂ - ਗੁਰਚਰਨ ਰਾਮਪੁਰੀ ਅਤੇ ਅਜਮੇਰ ਰੋਡੇ - ਨੂੰ ਨਾਮਜ਼ਦ ਕੀਤਾ ਗਿਆ ਹੈ। ਸੰਮੇਲਨ ਵਿਚ ਬਹੁਸੰਮਤੀ ਲੇਖਕਾਂ ਨੇ ਇਹ ਸੁਝਾ ਵੀ ਪੇਸ਼ ਕੀਤਾ ਕਿ ਅਗਲਾ ਵਿਸ਼ਵ ਸੰਮੇਲਨ ਕੈਨੇਡਾ, ਸਿੰਘਾਪੁਰ ਜਾਂ ਕੀਨੀਆ ਵਿਚ ਕੀਤਾ ਜਾਵੇ। ਕੈਨੇਡਾ ਦੇ ਪੰਜਾਬੀ ਲੇਖਕਾਂ ਨੂੰ ਇਹ ਸੁਝਾ ਗੰਭੀਰਤਾ ਨਾਲ ਵਿਚਾਰਨ ਦਾ ਸੱਦਾ ਦਿਤਾ ਜਾਂਦਾ ਹੈ।

ਸੰਮੇਲਨ ਦੀ ਸਮਾਪਤੀ ਪਿਛੋਂ ਭਾਰਤ ਤੋਂ ਆਏ ਕੁਝ ਲੇਖਕ ਕੈਨੇਡਾ ਵੀ ਪਹੁੰਚੇ ਜਿਨ੍ਹਾਂ ਵਿਚ ਪ੍ਰੋ: ਸੰਤ ਸਿੰਘ ਸੇਖੋਂ, ਪ੍ਰੋ: ਗੁਰਦਿਆਲ ਸਿੰਘ (ਨਾਵਲਿਸਟ) ਡਾਕਟਰ ਜਤਿੰਦਰ ਸਿੰਘ ਨੂਰ, ਡਾਕਟਰ ਕਰਨੈਲ ਸਿੰਘ ਥਿੰਦ ਅਤੇ ਸ੍ਰੀ ਗੁਰਮੀਤ ਪਨਾਗ ਸ਼ਾਮਲ ਹਨ। ਸੇਖੋਂ, ਗੁਰਦਿਆਲ ਸਿੰਘ, ਅਤੇ ਗੁਰਮੀਤ ਪਨਾਗ ਅਜੇ ਵੈਨਕੂਵਰ ਵੀ ਪਹੁੰਚੇ ਹਨ। ਅਸੀਂ, ਕੈਨੇਡਾ ਆਉਣ ਵਾਲੇ ਸਾਰੇ ਸਾਹਿਤਕਾਰਾਂ ਨੂੰ ਵਤਨੋਂ ਦੂਰ ਅਦਾਰੇ ਵਲੋਂ ਜੀ ਆਇਆਂ ਆਖਦੇ ਹਾਂ। ਇਸ ਅੰਕ ਵਿਚ ਅਤੇ ਅਗਲੇ ਅੰਕਾਂ ਵਿਚ ਉਨ੍ਹਾਂ ਦੀਆਂ ਲਿਖਤਾਂ ਅਤੇ ਮੁਲਾਕਾਤਾਂ ਛਾਪੀਆਂ ਜਾਣਗੀਆਂ।

(ਵਤਨੋਂ ਦੂਰ ਦੇ ਸੰਪਾਦਕ ਸਾਧੂ ਪਿਛਲੇ ਮਹੀਨੇ ਤੋਂ ਕਿਸੇ ਜ਼ਰੂਰੀ ਕੰਮ ਕਾਰਨ ਭਾਰਤ ਗਏ ਹੋਏ ਹਨ ਇਸ ਕਰਕੇ ਇਸ ਅੰਕ ਦੀ ਸੰਪਾਦਕੀ ਸਾਂਝੇ ਯਤਨਾਂ ਨਾਲ ਕੀਤੀ ਗਈ ਹੈ)

o o o

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।

* ਮੈਂ ਨੌਂ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

- - - - - - - - - - -
- - - - - - - - - - -
- - - - - - - - - - -
- - - - - - - - - - -

ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਸੂਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੂਨ ਨੰਬਰ
ਜ਼ਰੂਰ ਭੇਜੋ!

ਕੈਨੇਡਾ ਦੇ ਨੌਜਵਾਨ ਕਹਾਣੀਕਾਰ:
'ਅਮਰਜੀਤ ਚਾਹਲ'
ਦਾ ਕੈਨੇਡਾ ਵਿਚ ਰਹਿ ਰਹੇ ਪੰਜਾਬੀਆਂ ਦੇ ਜੀਵਨ ਨੂੰ ਚਿਤਰਦੀਆਂ ਕਹਾਣੀਆਂ ਦਾ ਪਹਿਲਾ ਸੰਗ੍ਰਹਿ
"ਬਾਹਰੋਂ ਆਇਆ ਆਦਮੀ"
ਮੁੱਲ ਦੋ ਡਾਲਰ / ਫੋਨ - 892-3085
ਜਾਂ 437-9014

ਪ੍ਰੋ: ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਸ਼੍ਰੋਮਣੀ ਸਾਹਿਤਕਾਰ ਹਨ। ਉਨ੍ਹਾਂ ਨੇ ਪੰਜਾਬੀ ਵਿਚ ਨਾਵਲ, ਨਾਟਕ ਅਤੇ ਕਹਾਣੀ ਜੋ ਕੁਝ ਵੀ ਲਿਖਿਆ ਉੱਚੇ ਪੱਧਰ ਦਾ ਰਚਿਆ ਹੈ। ਪਰ ਉਨ੍ਹਾਂ ਦੀ ਸਭ ਤੋਂ ਮਹੱਤਵਪੂਰਣ ਦੇਣ ਪੰਜਾਬੀ ਆਲੋਚਨਾ ਦਾ ਮੁੱਢ ਵਿਗਿਆਨਕ ਲੀਹਾਂ 'ਤੇ ਬੰਨ੍ਹਣ ਵਿਚ ਹੈ। ਉਨ੍ਹਾਂ ਦੀ ਆਲੋਚਨਾ ਦੀ ਪਹਿਲੀ ਪੁਸਤਕ "ਸਾਹਿਤਿਆਰਥ" ਨੇ ਆਉਣ ਵਾਲੀ ਪੰਜਾਬੀ ਆਲੋਚਨਾ ਨੂੰ ਸੇਧ ਦਿੱਤੀ ਤੇ ਬਹੁਗਿਣਤੀ ਵਿਚ ਸਾਹਿਤਕਾਰਾਂ ਨੂੰ ਪ੍ਰਭਾਵਿਤ ਕੀਤਾ। ਭਾਰਤੀ ਸਾਹਿਤ ਅਕਾਦਮੀ ਨੇ ਉਨ੍ਹਾਂ ਦੇ ਨਾਟਕ "ਮਿੱਤਰ ਪਿਆਰਾ" ਨੂੰ 1977 ਵਿਚ ਪੁਰਸਕਾਰ ਦੇ ਕੇ ਸਨਮਾਨਿਆ।

ਪ੍ਰੋ: ਸੇਖੋਂ ਨੇ ਸਾਹਿਤ ਆਲੋਚਨਾ ਲਈ ਮਾਰਕਸਵਾਦੀ ਵਿਧੀ ਨੂੰ ਅਪਨਾਇਆ ਜਿਸ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਪ੍ਰਗਤੀਵਾਦੀ ਸਾਹਿਤ ਰਚਨਾ ਨੂੰ ਬਹੁਤ ਪ੍ਰੇਰਨਾ ਮਿਲੀ। ਉਨ੍ਹਾਂ ਨੇ ਸਮੇਂ ਦੀ ਪ੍ਰਚਲਤ ਆਦਰਸ਼ੀ ਵਿਚਾਰਧਾਰਾ ਅਨੁਸਾਰ ਸਾਹਿਤ ਨੂੰ ਆਰਥਿਕ-ਸਮਾਜਕ ਢਾਂਚੇ ਦਾ ਉਪਰਲਾ ਉਸਾਰ ਸਾਬਿਤ ਕੀਤਾ; ਪਰ ਉਨ੍ਹਾਂ ਨੇ ਆਪਣੀ ਰਚਨਾ ਲਈ ਕਿਸੇ ਪਾਰਟੀ ਦੇ ਸਾਹਿਤ ਲਈ ਘੜੇ ਘੜਾਏ ਅਸੂਲ ਪ੍ਰਵਾਨ ਨਹੀਂ ਕੀਤੇ (ਉਂਜ ਜ਼ਾਤੀ ਤੌਰ ਤੇ ਉਹ ਹਮੇਸ਼ਾ ਕਮਿਊਨਿਸਟ ਪਾਰਟੀ ਨਾਲ ਸੰਬੰਧਤ ਰਹੇ ਹਨ) ਇਸੇ ਲਈ ਕਈ ਉਨ੍ਹਾਂ ਦੀਆਂ ਲਿਖਤਾਂ ਉੱਤੇ ਸੋਧਵਾਦ ਦਾ ਦੋਸ਼ ਲਾਇਆ ਗਿਆ ਤੇ ਕਈ ਲੈਨਿਨ ਵਰਗੀ ਹਸਤੀ ਦਾ ਮਜ਼ਾਕ ਉਡਾਉਣ ਦਾ; ਕਿਉਂਕਿ ਜੇ ਉਨ੍ਹਾਂ ਨੂੰ ਔਰਤ ਦੇ ਜਿਸਮ ਦੀ ਖ਼ੂਬਸੂਰਤੀ ਚਿਤ੍ਰਣ ਦੀ ਲੋੜ ਭਾਸੀ ਤਾਂ ਉਹਨਾਂ ਬੇਝਿਜਕ ਚਿਤ੍ਰ ਲਈ, ਤੇ ਜੇ ਲੈਨਿਨ ਵਰਗੀ ਬੌਧਿਕ ਹਸਤੀ ਦਾ ਸਾਧਾਰਣ ਮਨੁੱਖੀ ਪੱਖ ਉਜਾਗਰ ਕਰਨ ਦੀ ਲੋੜ ਭਾਸੀ ਤਾਂ ਉਨ੍ਹਾਂ ਬੇਡਰ ਹੋ ਕੇ ਲੈਨਿਨ ਤੇ 'ਤਾਨੀਆ' ਦੀ ਗੱਲਬਾਤ ਵਿਚ ਮਜ਼ਾਕ ਭਰ ਦਿੱਤਾ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਉੱਤੇ ਹਿੰਦੀ ਸੰਸਕ੍ਰਿਤ ਦੇ ਪ੍ਰਭਾਵ ਦੀ ਸਮੱਸਿਆ ਬਾਰੇ ਚਲੇ ਵਾਦਵਿਵਾਦ ਵਿਚ ਸੇਖੋਂ ਨੇ ਆਪਣੀ ਸੁਤੰਤਰ ਰਾਇ ਪੇਸ਼ ਕੀਤੀ ਅਤੇ ਪੰਜਾਬੀ ਭਾਸ਼ਾ ਨੂੰ 'ਹਮੇਸ਼ਾ ਸੌਖੀ ਰਖਣ' ਦੀ ਬਜਾਏ ਉਸ ਦੀ ਪ੍ਰਫੁੱਲਤਾ ਨੂੰ ਤਰਜੀਹ ਦਿੱਤੀ। ਮੇਰੀ ਜਾਚੇ ਸੇਖੋਂ ਹੋਰਾਂ ਵਲੋਂ ਆਪਣੀ ਸਾਹਿਤਕ ਸ਼ਖ਼ਸੀਅਤ ਦੀ ਇਹ ਸੁਤੰਤਰਤਾ ਕਾਇਮ ਰਖਣੀ ਬਹੁਤ ਮਹੱਤਵਪੂਰਣ ਗੱਲ ਹੈ ਜਿਸ ਨੂੰ ਸੇਖੋਂ ਦੇ ਆਲੋਚਕਾਂ ਵਲੋਂ ਘੱਟ ਹੀ ਕਦੀ ਉਘਾੜਿਆ ਗਿਆ ਹੈ; ਇਹ ਸ਼ਾਇਦ ਇਸੇ ਸੁਤੰਤਰਤਾ ਦੀ ਪ੍ਰਿਤ ਸਦਕਾ ਹੀ ਹੈ ਕਿ ਉਸ ਦੇ ਅਗੋਂ ਆਉਣ ਵਾਲੇ ਪ੍ਰਗਤੀਵਾਦੀ ਆਲੋਚਕਾਂ/ਲੇਖਕਾਂ ਨੂੰ ਨਵੀਆਂ ਦਿਸ਼ਾਵਾਂ ਖੋਜਣ ਵਿਚ ਕੋਈ ਔਕੜ ਪੇਸ਼ ਨਹੀਂ ਆਈ ਤੇ ਏਸੇ ਲਈ ਪੰਜਾਬੀ ਆਲੋਚਨਾ ਦੇ ਮੋਢੀਆਂ ਵਿਚ ਸੇਖੋਂ ਦਾ ਕੱਦ ਹਮੇਸ਼ਾ ਉੱਚਾ ਰਹੇਗਾ।

(ਅਜਮੇਰ ਰੋਡੇ)

# ਸੰਤ ਸਿੰਘ ਸੇਖੋਂ

•

## ਸਾਹਿਤਿਆਰਥ ਦਾ ਪਹਿਲਾ ਕਾਂਡ :

# ਕਵਿਤਾ ਕੀ ਹੈ

•

ਪੁਰਾਤਨ ਸਮਿਆਂ ਤੋਂ ਕਵਿਤਾ ਨੂੰ ਇਕ ਸੂਖਮ ਕਲਾ ਕਹਿੰਦੇ ਆਏ ਹਨ। ਪੁਰਾਣੇ ਯੂਨਾਨੀ ਬੁਧੀਮਾਨਾਂ ਨੇ ਪੰਜ ਸੂਖਮ ਕਲਾ ਗਿਣੀਆਂ ਹਨ : ਕਵਿਤਾ, ਰਾਗ, ਚਿਤਰ, ਮੂਰਤੀ ਤੇ ਮੰਦਰਕਲਾ। ਨਾਚ ਤੇ ਨਾਟਕ ਵੀ ਪੁਰਾਣੇ ਸਮਿਆਂ ਤੋਂ ਹੀ ਸੂਖਮ ਕਲਾ ਗਿਣੀਦੀਆਂ ਚਲੀਆਂ ਆਉਂਦੀਆਂ ਹਨ। ਜਿਸ ਤਰ੍ਹਾਂ ਇਨ੍ਹਾਂ ਕਲਾਂ ਦੇ ਨਾਉਂ ਵਿਸਤਾਰ ਤੋਂ ਸਿਧ ਹੈ, ਇਹ ਸੂਖਮ ਬਹੁਤਾ ਆਪਣੇ ਰੂਪ ਕਰਕੇ ਨਹੀਂ, ਇਸ ਲਈ ਨਹੀਂ ਕਿ ਇਨ੍ਹਾਂ ਵਿਚ ਸਥੂਲ ਪਦਾਰਥ ਦੀ ਅਣਹੋਂਦ ਜਾਂ ਘਾਟ ਹੈ ; ਸਗੋਂ ਵਧੇਰੇ ਆਪਣੇ ਕਰਮ ਕਰਕੇ ਹਨ, ਇਸ ਲਈ ਕਿ ਇਹ ਮਨੁਖ ਦੇ ਸੂਖਮ ਭਾਵਾਂ ਨਾਲ ਸੰਬੰਧਿਤ ਹਨ। ਕਿਉਂ ਜੋ ਇਨ੍ਹਾਂ ਦੀ ਸੁੰਦਰਤਾ ਜਾਂ ਹੋਰ ਭਾਵਕ ਸ਼ਕਤੀ ਵਿਚ ਹੀ ਇਨ੍ਹਾਂ ਦਾ ਮੁੱਲ ਹੈ, ਤੇ ਸੁੰਦਰਤਾ ਤੇ ਹੋਰ ਭਾਵਕ ਸ਼ਕਤੀ ਇਕ ਸੂਖਮ ਗੁਣ ਹੈ, ਇਸ ਲਈ ਇਹ ਕਲਾਂ ਆਪਣੇ ਰੂਪਕ ਪੱਖ ਵਲੋਂ ਵੀ ਵਧ ਜਾਂ ਘਟ ਸੂਖਮ ਹਨ। ਇਸ ਪੱਖ ਤੋਂ ਕਵਿਤਾ ਭਾਵੇਂ ਇਨ੍ਹਾਂ ਸਭਨਾਂ ਵਿਚੋਂ ਵਧ ਸੂਖਮ ਹੈ, ਕਿਉਂਕਿ ਇਸ ਦੀ ਹੋਂਦ ਵਿਚ ਕੋਈ ਵੀ ਸਥੂਲ ਅੰਸ਼ ਨਹੀਂ। ਮੰਦਰਕਲਾ ਵਿਚ ਸਥੂਲ ਅੰਸ਼ ਸਭ ਤੋਂ ਵਧੇਰੇ ਹੈ, ਤੇ ਮੂਰਤੀ-ਕਲਾ, ਚਿਤਰਕਲਾ ਤੇ ਰਾਗ ਵਿਚ ਇਹ ਕ੍ਰਮਵਾਰ ਘਟ ਹੁੰਦਾ ਜਾਂਦਾ ਹੈ। ਰਾਗ ਦਾ ਸਥੂਲ ਅੰਸ਼ ਸਾਜ਼ ਜਾਂ ਜੀਭ ਤੇ ਸੰਘ ਹਨ।

ਇਨ੍ਹਾਂ ਸੂਖਮ ਕਲਾਂ ਦਾ ਇਕ ਹੋਰ ਗੁਣ ਵੀ ਪ੍ਰਗਟ ਹੈ। ਉਹ ਇਹ ਕਿ ਇਹ ਉਪਯੋਗੀ ਕਲਾ ਨਹੀਂ ਹਨ। ਭਾਵੇਂ ਇਨ੍ਹਾਂ ਦੇ ਰਚਤਾ ਇਨ੍ਹਾਂ ਦੀ ਰਚਨਾ ਵਿਚੋਂ ਥੋੜੀ ਜਾਂ ਵਧ ਆਪਣੀ ਉਪਜੀਵਿਕਾ ਪ੍ਰਾਪਤ ਕਰਦੇ ਹਨ, ਇਨ੍ਹਾਂ ਨੂੰ ਵਿਹਾਝਣ ਜਾਂ ਇਨ੍ਹਾਂ ਦਾ ਰਸ ਮਾਣਨ ਵਾਲੇ ਇਨ੍ਹਾਂ ਤੋਂ ਕੋਈ ਸਥੂਲ, ਆਰਥਿਕ ਲਾਭ ਪ੍ਰਾਪਤ ਨਹੀਂ ਕਰਦੇ। ਪਰ ਇਸ ਤੋਂ ਵਧ ਇਨ੍ਹਾਂ ਕਲਾਂ ਨੂੰ ਉਪਯੋਗੀ ਇਸ ਕਰਕੇ ਨਹੀਂ ਕਿਹਾ ਜਾਂਦਾ ਕਿ ਇਨ੍ਹਾਂ ਦਾ ਸੰਬੰਧ ਮਨੁਖ ਦੇ ਆਰਥਿਕ ਜੀਵਨ ਜਾਂ ਕਰਮ ਨਾਲ ਨਹੀਂ, ਉਸ ਜੀਵਨ ਜਾਂ ਕਰਮ ਦੀ ਉਪਰਲੀ ਉਸਾਰੀ ਨਾਲ ਹੈ। ਇਹ ਮਨੁਖ ਜੀਵਨ ਦੀਆਂ ਮੁਢਲੀਆਂ ਕਲਾਂ ਨਹੀਂ, ਉਸ ਜੀਵਨ ਦੀ ਉਸਾਰੀ, ਮਨੁਖ ਦੇ ਆਤਮਕ ਸਮਾਜਕ ਜੀਵਨ ਦਾ ਭਾਗ ਹਨ।

ਪਰ ਇਸ ਗੱਲ ਤੋਂ ਇਹ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਇਹ ਨਿਰੋਲ

ਆਤਮਕ ਕਲਾਂ ਹਨ, ਅਥਵਾ ਇਨ੍ਹਾਂ ਦਾ ਸੰਬੰਧ ਕੇਵਲ ਆਤਮਾ ਨਾਲ ਹੈ, ਜੋ ਭੁਲੇਖਾ ਹੁਣ ਤਕ ਸਾਡੇ ਸਮਾਜ ਵਿਚ ਚੋਖਾ ਪ੍ਰਚਲਿਤ ਰਿਹਾ ਹੈ। ਆਤਮਕ ਜੀਵਨ ਅਸਲ ਵਿਚ ਸਮ ਜਕ ਜੀਵਨ ਦਾ ਹੀ ਇਕ ਭਾਗ ਹੈ। ਇਹ ਸਮਾਜ ਤੇ ਸੰਸਾਰ ਤੋਂ ਉਪਰਲੀ ਕਿਸੇ ਥਾਉਂ ਦਾ ਭਾਗ ਨਹੀਂ। ਸਮਾਜਕ ਜੀਵਨ ਦੇ ਸੂਖਮ ਅੰਸ਼ ਨੂੰ ਹੀ ਆਤਮਕ ਕਿਹਾ ਜਾਂਦਾ ਹੈ. ਉਹ ਅੰਸ਼ ਜੋ ਮਨੁਖ ਦੀ ਬੁਧੀ, ਉਸ ਦੇ ਭਾਵਾਂ ਤੇ ਆਸ਼ਿਆਂ ਨਾਲ ਸੰਬੰਧਿਤ ਹੈ। ਬੁਧੀ ਤੇ ਇਹ ਭਾਵ ਤੇ ਆਸ਼ੇ ਮਨੁਖ ਦੇ ਕਰਮ ਦਾ. ਹਰ ਇਕ ਘੇਰੇ ਵਿਚ, ਆਰਥਿਕ ਘੇਰੇ ਵਿਚ ਵੀ, ਨਿਰਦੇਸ਼ ਕਰਦੇ ਹਨ। ਦੂਜੇ ਸ਼ਬਦਾਂ ਵਿਚ, ਆਤਮਕ ਜੀਵਨ ਭਾਵੇਂ ਇਹ ਮਨੁਖ ਜੀਵਨ ਦੀ ਉਪਰਲੀ ਉਸਾਰੀ ਦਾ ਅੰਸ਼ ਹੈ, ਮਨੁਖ ਜੀਵਨ ਦੇ ਮੁਢਲੇ ਸਮਾਜਕ ਕਰਜ, ਆਰਥਿਕ ਕਰਮ ਨੂੰ ਵੀ ਪ੍ਰਭਾਵਿਤ ਕਰਦਾ ਹੈ। ਜਾਂ ਕਿਉਂ ਵੀ ਕਿਹਾ ਜਾ ਸਕਦਾ ਹੈ ਕਿ ਸਮਾਜਕ ਜੀਵਨ ਦੇ ਦੋ ਪੱਖ ਹਨ, ਉਪਯੋਗੀ ਤੇ ਸੂਖਮ, ਅਥਵਾ, ਆਰਥਿਕ ਤੇ ਆਤਮਕ, ਤੇ ਇਹ ਦੋ ਪੱਖ ਇਕ ਦੂਜੇ ਤੋਂ ਬਿਲਕੁਲ ਵੱਖ, ਕਟੇ ਹੋਏ ਜਾਂ ਅਲਗ ਨਹੀਂ, ਇਕ ਦੂਜੇ ਉਤੇ ਬਹੁ-ਭਾਂਤੀ ਪ੍ਰਭਾਵ ਪਾਂਦੇ ਹਨ।

ਇਸ ਲਈ ਕਲਾ ਨੂੰ ਇਕ ਸਮਾਜਕ ਕਰਮ ਕਿਹਾ ਗਿਆ ਹੈ। ਪਰ ਇਸ ਨਾਲ ਕਲਾ ਦਾ ਵਿਸ਼ੇਸ਼ੀਕਰਣ ਨਹੀਂ ਹੋ ਜਾਂਦਾ। ਇਹ ਕਹਣ ਨਾਲ ਤਾਂ ਸਗੋਂ ਕਲਾ ਨੂੰ ਵਧੇਰੇ ਸਾਧਾਰਣ ਅਰਥ ਦਿਤੇ ਜਾਂਦੇ ਹਨ। ਪਰ ਕਲਾ ਨੂੰ ਇਹ ਸਾਧਾਰਣ ਅਰਥ ਦੇਣਾ ਇਸ ਸਮੇਂ ਜ਼ਰੂਰੀ ਹੈ, ਕਿਉਂਕਿ ਅਸਾਡੇ ਸਮਾਜ ਦੇ ਪੁਰਾਣੇ ਵਿਚਾਰ ਕਲਾ ਨੂੰ ਇਕ ਨਿਰੋਲ ਸੂਖਮ ਤੇ ਆਤਮਕ ਤੱਤ ਬਣਾ ਕੇ, ਇਸ ਦੀ ਸਾਧਾਰਣਤਾ ਤੇ ਮਨੁਖਾ ਜੀਵਨ ਵਿਚ ਇਸ ਦੇ ਯੋਗ ਮੁਲ ਨੂੰ ਘਟਾਂਦੇ ਰਹੇ ਹਨ। ਸਿਧ ਹੈ ਕਿ ਜੇ ਕਲਾ ਦਾ ਸਾਧਾਰਣ ਜੀਵਨ ਵਿਚ ਵਧੇਰੇ ਮੁਲ ਨਹੀਂ ਤਾਂ ਇਹ ਜਾਂ ਤਾਂ ਨਿਰਾ ਵਿਲਾਸ-ਕਰਮ ਹੋ ਕੇ ਰਹ ਜਾਵੇਗੀ ਜਾਂ ਇਕ ਆਤਮਕ ਕਰਮ ਜੋ ਸਾਧਾਰਣ ਜੀਵਨ ਨਾਲ ਨਹੀਂ ਅਗਲੇ ਜਨਮ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਇਹ ਰਾਜਿਆਂ ਜਾਂ ਸੰਤਾਂ ਦੇ ਜੀਵਨ ਦਾ ਹੀ ਅੰਗ ਬਣ ਜਾਵੇਗੀ, ਜਨ-ਸਾਧਾਰਣ ਦੇ ਜੀਵਨ ਦਾ ਨਹੀਂ। ਇਹ ਇਕ ਬੜਾ ਜੀਵਨ-ਘਾਤਕ ਕੁਰੁਚੀ ਵਾਲਾ ਵਿਚਾਰ ਜਾਂ ਮਤ ਹੈ। ਕਲਾ ਦੇ ਸਮਾਜਕ ਗੁਣ ਤੇ ਸਾਧਾਰਣ ਜੀਵਨ ਵਿਚ ਮੁਲ ਨੂੰ ਸਿਧ ਕਰਨ ਲਈ ਬਹੁਤੀ ਤਰਕ ਜਾਂ ਬਹਸ ਦੀ ਲੋੜ ਨਹੀਂ। ਮਨੁਖ ਨੂੰ ਯੁਧ ਤੇ ਹੋਰ ਪਰਾਕ੍ਰਮ ਲਈ ਉਤਸਾਹਿਤ ਕਰਨ ਵਿਚ ਕਲਾ ਜਾਂ ਕਵਿਤਾ ਦਾ ਜੋ ਭਾਗ ਹੈ, ਉਹ ਤਾਂ ਸਾਡੀ ਰਾਜ-ਸ਼੍ਰੇਣੀ ਨੂੰ ਮੁਢ ਤੋਂ ਹੀ ਦਿਸਦਾ ਰਿਹਾ ਹੈ, ਜਿਸ ਕਰਕੇ ਉਹ ਭੱਟਾਂ ਤੇ ਕਵੀਆਂ ਆਦਿਕ ਨੂੰ ਆਪਣੇ ਰਾਜ ਦਰਬਾਰਾਂ ਵਿਚ ਆਦਰ ਤੇ ਉਪਜੀਵਿਕਾ ਦਿੰਦੀ ਰਹੀ ਹੈ। ਪਰ ਸਾਧਾਰਣ ਦਰਸ਼ਕ ਨੇ ਕਈ ਵਾਰੀ ਮਨੁਖਾਂ ਦੇ ਜੁਟਾਂ ਨੂੰ ਕਿਰਸਾਣੀ ਜਾਂ ਹੋਰ ਸਰੀਰਕ ਕਿਰਤ ਵਿਚ ਲਗੇ ਦੇਖਿਆ ਹੋਵੇਗਾ, ਤੇ ਇਹ ਵੀ ਨੋਟ ਕੀਤਾ ਹੋਵੇਗਾ ਕਿ ਅਜਿਹੇ ਮਨੁਖ ਆਪਣਾ ਸਰੀਰਕ ਬਲ ਲਗਾਂਦੇ, ਆਪਸ ਵਿਚ ਸਰੀਰਕ ਤੇ ਉਤਸਾਹਕ ਤਾਲ-ਮੇਲ ਜੋੜਨ ਲਈ ਕੁਝ ਗਾਂਦੇ ਹੁੰਦੇ ਹਨ। ਮਜ਼ਦੂਰ ਜਦੋਂ ਉਹ ਕਿਸੇ ਭਾਰੀ ਬੋਝ ਨੂੰ ਚੁਕ ਜਾ ਧੂਹ ਰਹੇ ਹੋਣ ਇਸੇ ਤਰ੍ਹਾਂ ਗਾ ਕੇ ਆਪਸ ਵਿਚ ਤਾਲ-ਮੇਲ ਪੈਦਾ ਕਰਦੇ ਹਨ। ਸੋ ਮਨੁਖੀ ਸਮੂਹੀ ਕੰਮ, ਅਥਵਾ ਸਮਾਜਕ ਕਰਮ, ਵਿਚ ਤਾਲ ਮੇਲ ਪੈਦਾ ਕਰਨ ਲਈ ਕਲਾ ਸਦਾ ਤੋਂ ਤੇ ਮੁਢਲੇ ਸਰੀਰਕ ਬਲ ਵਾਲੇ ਕੰਮਾਂ ਤੋਂ ਹੀ ਸਹਾਇਕ ਰਹੀ ਹੈ।

ਇਨ੍ਹਾਂ ਸੂਖਮ ਕਲਾਂ ਦੇ ਮੁਢ ਬਾਰੇ, ਇਨ੍ਹਾਂ ਦਾ ਅਗੇਤ ਪਛੇਤ ਦੱਸਣਾ ਵੀ ਕੋਈ ਔਖੀ ਗੱਲ ਨਹੀਂ। ਮੰਦਰਕਲਾ, ਮੂਰਤੀ ਤੇ ਚਿਤਰਕਾਰੀ ਜ਼ਰੂਰ ਮਨੁਖ ਜੀਵਨ ਦੀ ਜ਼ਰਾ ਪਿਛਲੇਰੀ ਉਪਰਲੀ ਉਸਾਰੀ ਦੀ ਕਲਾ ਹਨ। ਇਸ ਦੇ ਉਲਟ, ਸੰਗੀਤ, ਕਵਿਤਾ ਤੇ ਨਾਚ ਬਹੁਤ ਪਹਲੋਂ ਦੀਆਂ ਕਲਾਂ ਹਨ। ਨਾਟਕ ਕਲਾ ਕਿਸੇ ਵਿਚਕਾਰਲੇ ਸਮੇਂ ਵਿਚ ਰਖੀ ਜਾ ਸਕਦੀ ਹੈ। ਤਾਂ ਵੀ ਇਨ੍ਹਾਂ ਅਗੇਤਰੀਆਂ ਕਲਾਂ, ਰਾਗ (ਸੰਗੀਤ), ਕਵਿਤਾ, ਤੇ ਨਾਚ ਦਾ ਜਨਮ ਤੇ ਵਿਕਾਸ ਕਿਸ ਤਰਾਂ ਹੋਇਆ, ਇਹ ਪ੍ਰਸ਼ਨ ਸ਼ਾਇਦ ਵਧੇਰੇ ਵਿਚਾਰ ਦੀ ਮੰਗ ਕਰਦਾ ਹੈ।

ਸੰਗੀਤ ਨੂੰ ਰਾਗ ਵੀ ਕਿਹਾ ਜਾਂਦਾ ਹੈ। ਰਾਗ ਸ਼ਬਦ ਸੰਸਕ੍ਰਿਤ ਵਿਚ ਰਕ ਧਾਤੂ ਤੋਂ ਨਿਕਲਿਆ ਹੈ ਜਿਸ ਦਾ ਭਾਵ ਰਕਤ ਹੋ ਜਾਣਾ, ਰਚ ਜਾਣਾ, ਭਾਵਕ ਰੂਪ ਵਿਚ ਜੁੜ ਜਾਣਾ ਹੈ। ਇਸ ਦਾ ਵਿਆਪਕ ਅਰਥ ਪ੍ਰੇਮ ਹੈ, ਜਿਸ ਤੋਂ ਸੰਗੀਤ ਜਾਂ ਰਾਗ ਕਲਾ ਦਾ ਪ੍ਰੇਮ ਜਾਂ ਭਾਵਕ ਯੋਗ ਵਿਚੋਂ ਉਪਜਣਾ ਸਿਧ ਹੈ। ਮਾਂ ਬੱਚੇ ਨੂੰ ਪਿਆਰ ਨਾਲ

## ਢਿੱਡ ਭਾਰ

ਸੰਤੋਖ ਸਿੰਘ ਸੰਤੋਖ

ਅਸੀਂ ਢਿੱਡਾਂ ਦੇ ਭਾਰ ਤੁਰਨਾ ਸਿੱਖਦੇ ਹਾਂ
ਦੁੜਕੀ ਦੌੜ ਦੇ ਪੁਰਾਣੇ ਕਿੱਸੇ ਨੇ
ਜੋ ਅਜੇ ਸਾਥੋਂ ਵੀ ਪਿਛੇ ਨੇ
ਉਹ ਵੀ ਢਿੱਡ-ਭਾਰ
ਰਿੜਨੇ ਤੋਂ ਤੁਰਨੇ ਦੀ ਜਾਚ ਸਿਖਦੇ ਨੇ

ਜਦ ਕੋਈ ਪੈਰਾਂ ਨੂੰ ਅਲਵਿਦਾ ਕਹੇ
ਤਾਂ ਸਿਰ ਵਿਚਾਰੇ ਨੇ ਕੀ ਹੈ ਸੋਚਣਾ
ਉਹ ਤਾਂ ਸੁੰਨ ਹੋਇਆ ਸਖਣੇ ਅਸਮਾਨ ਜਿਹਾ

ਹਰ ਪੈਰ ਤੇ ਸ਼ਰਾਰਤ
ਹਰ ਦਾਅਵੇ ਵਿਚ ਝੂਠ
ਕਿੰਨਾ ਕੁ ਚਿਰ ਬਿਆਨ—ਬਾਜ਼ੀ ਇਹ
ਸੱਚ ਨੂੰ ਗੁੰਮਰਾਹੇ ਗੀ
ਮੂਰਖਤਾ ਦੇ ਮਹਿਲ ਸਜਾਏਗੀ
ਭੁਲੇਖੇ ਮੰਦਰਾ ਨੂੰ ਪੂਜੀ ਜਾਏਗੀ

ਅਸੀਂ ਕਿਵੇਂ ਹੱਸੀਏ
ਸਾਨੂੰ ਨਾ ਹਾਥੀ ਦੰਦਾ ਦਾ ਭੁਲੇਖਾ
ਨਾ ਸਾਡੇ ਦੰਦਾ 'ਚ ਮੇਖਾਂ
ਕਿ ਪ੍ਰਦਰਸ਼ਨੀ ਕਰੀਏ
ਝੂਠ ਨੂੰ ਮਸ਼ਕਰੀ ਕਰੀਏ

ਹਜੂਮ ਦਾ ਕੀ ਹੈ ਰੌਲਾ
ਸਦਾ ਸੁਖੀ ਵਸੇ ਢਿੱਡ ਦਾ ਮੇਲਾ
ਅਸੀਂ ਰੌਲੇ ਨੂੰ ਕਦੋਂ ਗੌਲਦੇ ਹਾਂ
ਹਮੇਸ਼ਾ ਆਪਣੇ ਢਿੱਡ ਦੀ ਮਿੱਥ ਮਿੱਥਦੇ ਹਾਂ
ਢਿੱਡ ਭਾਰ ਤੁਰਨਾ ਸਿਖਦੇ ਹਾਂ

o o o


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



BHARTI ART JEWELLERS

*Specialist in East Indian Jewelry Craftware*

RASIK PAREKH
Res.:.879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

ਬੁਲਾਂਦੀ ਜਾਂ ਲੋਰੀ ਦੇਂਦੀ ਹੈ ਤਾਂ ਆਪਣੇ ਬੋਲ ਦੀਆਂ ਮਾਤਰਾਂ ਨੂੰ ਲਮਕਾ ਲਮਕਾ ਕੇ ਕਿਸੇ ਸੁਰ ਵਿਚ ਉਚਾਰਦੀ ਹੈ। ਇਹ ਸੁਰ ਹੀ ਰਾਗ ਦਾ ਮੁਢ ਹੈ। ਇਹ ਵੀ ਸਿਧ ਹੈ ਕਿ ਬੋਲ ਦਾ ਅਜਿਹਾ ਉਚਾਰਣ ਕਿਸੇ ਮੰਤਵ ਦੀ ਸਿਧੀ ਲਈ ਕੀਤਾ ਜਾਂਦਾ ਹੈ। ਅਰਥਾਤ ਮੁਢਲੀ ਕਲਾ ਦਾ ਕਰਤਵ ਹੀ ਕਿਸੇ ਮੰਤਵ ਦੀ ਸਿਧੀ ਹੁੰਦਾ ਹੈ। ਅਤੇ ਸ਼ਾਇਦ ਇਹ ਮੁਢਲਾ ਮੰਤਵ ਪ੍ਰੇਮ ਦੀ ਪ੍ਰਾਪਤੀ ਹੁੰਦਾ ਹੈ। ਪਰ ਜਦੋਂ ਜੀਵਨ ਵਧੇਰੇ ਸਮਾਜਕ ਬਣ ਜਾਂਦਾ ਹੈ ਤਾਂ ਮਨੁਖ ਦੇ ਮੰਤਵ ਵੀ ਵਧੇਰੇ ਸਮਾਜਕ ਹੋ ਜਾਂਦੇ ਹਨ।

ਉਪਰ ਸੰਕੇਤ ਮਾਤਰ ਦੱਸਿਆ ਗਿਆ ਹੈ ਕਿ ਸਾਧਾਰਣ ਜਿਹੇ ਸਮੂਹੀ ਕੰਮ ਵਿਚ ਵੀ ਤਾਲ-ਮੇਲ ਕਾਇਮ ਕਰਨ ਲਈ ਗਾਣ ਦੀ ਸਹਾਇਤਾ ਲਈ ਜਾਂਦੀ ਹੈ। ਪਰ ਮੁਢਲੇ ਜੀਵਨ ਵਿਚ ਵੀ ਇਸ ਤਰ੍ਹਾਂ ਵੇਲੇ ਦੇ ਵੇਲੇ ਦੀ ਸਹਾਇਤਾ ਉਤੇ ਹੀ ਸੰਤੋਖ ਨਹੀਂ ਸੀ ਕੀਤਾ ਜਾਂਦਾ। ਕਿਸੇ ਸਮੂਹੀ ਕਰਮ ਦੇ ਸੰਪੂਰਣ ਹੋਣ ਉਤੇ ਖੁਸ਼ੀ ਤੇ ਆਨੰਦ ਪ੍ਰਗਟ ਕਰਨ ਵਿਚ ਵੀ ਨਾਚ ਤੇ ਰਾਗ ਬੜੇ ਯੋਗ ਕਰਮ ਸਨ। ਜੇ ਕਣਕ ਆਦਿਕ ਵਢਦੇ ਸਮੇਂ ਜਾਂ ਵੱਢੀ ਹੋਈ ਫਸਲ ਇਕਠੀ ਕਰਨ ਸਮੇਂ, ਤੇ ਇਸ ਤੋਂ ਵੀ ਪਹਿਲਾਂ ਇਕਠੇ ਹੋ ਕੇ ਕਿਤੇ ਸ਼ਿਕਾਰ ਉਤੇ ਜਾਂਦੇ ਸਮੇਂ ਮਨੁਖ ਗਾਂਦੇ ਸਨ, ਤਾਂ ਫਸਲ ਦੀ ਵਢਾਈ ਕਰ ਕੇ, ਜਾ ਚੰਗਾ ਸ਼ਿਕਾਰ ਮਾਰ ਕੇ ਘਰ ਲਿਆ ਕੇ ਵੀ ਉਹ ਸੁਭਾਵਕ ਹੀ ਖੁਸ਼ੀ ਤੇ ਜਿੱਤ ਦੇ ਭਾਵ ਵਿਚ ਇਕਠੇ ਹੋ ਕੇ ਗਾਂਦੇ ਤੇ ਨਚਦੇ ਸਨ। ਪਰ ਜਦੋਂ ਦੰਪਤੀ ਜੀਵਨ ਦਾ ਮੁਢ ਬਝਿਆ ਤੇ ਇਕ ਮਨੁਖ ਇਕ ਇਸਤ੍ਰੀ ਨੂੰ ਦੂਜੀਆਂ ਨਾਲੋਂ ਵਧੇਰੇ ਚਹੇਤੀ ਸਮਝਣ ਲਗ ਪਿਆ ਤੇ ਦੂਜੇ ਪਾਸੇ ਇਸਤ੍ਰੀ ਇਕ ਮਨੁਖ ਨੂੰ ਦੂਜਿਆਂ ਨਾਲੋਂ ਵਧੇਰੇ ਚਹੇਤਾ ਸਮਝਣ ਲਗ ਪਈ ਤਾਂ ਅਜਿਹੀ ਇਸਤ੍ਰੀ ਤੇ ਅਜਿਹੇ ਮਨੁਖ ਨੂੰ ਪ੍ਰਾਪਤ ਕਰਨਾ ਇਕ ਸ਼ਿਕਾਰ ਮਾਰਨ, ਫ਼ਸਲ ਵਢ ਲੈਣ ਜਿਹੀ ਜਿਤ ਸਮਝਿਆ ਜਾਣ ਲਗ ਪਿਆ, ਤੇ ਅਜਿਹੇ ਸਮੇਂ ਵੀ ਸਮੂਹੀ ਗਾਣ ਤੇ ਨਾਚ ਇਕ ਸਾਧਾਰਣ ਕਰਮ ਬਣ ਗਏ। ਇਸ ਤੋਂ ਪਿਛੋਂ ਜਦੋਂ ਵੀ ਕੋਈ ਪ੍ਰਾਪਤੀ ਕਰਨ ਦੀ ਚਾਹ ਹੁੰਦੀ, ਤਾਂ ਇਸ ਪ੍ਰਾਪਤੀ ਤੋਂ ਪਿਛੋਂ ਦੇ ਸਮੂਹੀ ਵਿਲਾਸ ਕਰਮ ਨੂੰ ਇਸ ਦਾ ਸਾਧਨ ਸਮਝ ਕੇ, ਪਹਿਲੋਂ ਹੀ ਕੀਤਾ ਜਾਣ ਲਗ ਪਿਆ। ਇਸ ਤਰ੍ਹਾਂ ਕਲਾ, ਵੇਲੇ ਦੇ ਤਾਲ-ਮੇਲ ਤੋਂ ਚਲ ਕੇ ਪ੍ਰਾਪਤੀ ਸਮੇਂ ਦਾ ਵਿਲਾਸ, ਤੇ ਉਥੋਂ ਚਲ ਕੇ ਪ੍ਰਾਪਤੀ ਦਾ ਸਾਧਨ ਸਮਝੀ ਜਾਣ ਲਗ ਪਈ, ਤੇ ਇਸ ਤਰ੍ਹਾਂ ਇਹ ਨਿਰੋਲ ਆਰਥਿਕ ਜੀਵਨ ਦਾ ਇਕ ਅਨਾਵਸ਼ਕ ਜਿਹਾ ਕੰਮ ਹੋਣ ਤੋਂ ਵਧ ਕੇ ਉਪਰਲੇ ਸਮਾਜਕ ਜੀਵਨ ਦਾ ਇਕ ਜ਼ਰੂਰੀ ਅੰਸ਼ ਸਮਝੀ ਜਾਣ ਲਗ ਪਈ। ਫਿਰ ਜਿਉਂ ਜਿਉਂ ਇਹ ਉਪਰਲਾ ਸਮਾਜਕ ਜੀਵਨ ਬਹੁ-ਪਖੀ ਤੇ ਗੰਭੀਰ ਹੁੰਦਾ ਗਿਆ, ਕਲਾ ਦੀ ਬਣਤ ਤੇ ਵਸਤੂ ਦਾ ਵੀ ਵਿਕਾਸ ਹੁੰਦਾ ਗਿਆ।

ਕਿਸੇ ਪਿਆਰੀ ਵਸਤ ਨੂੰ ਗੁਆ ਕੇ ਸੋਗ ਕਰਨਾ ਤੇ ਰੋਣਾ ਵੀ ਮਨੁਖ ਦਾ ਮੁਢਲਾ ਕੰਮ ਸਮਝਣਾ ਚਾਹੀਦਾ ਹੈ, ਪਰ ਕਈ ਵਾਰੀ ਇਸ ਤਰ੍ਹਾਂ ਇਕ ਵਸਤ ਨੂੰ ਖੋ ਕੇ, ਤੇ ਰੋਣ ਨਾਲ, ਮੁੜ ਮੁੜ ਮੰਗਣ ਨਾਲ, ਜੇ ਇਹ ਵਸਤ ਕਿਸੇ ਤਕੜੇ ਮਨੁਖ ਨੇ ਖੋਹੀ ਸੀ ਉਸ ਵਿਚ ਦਇਆ ਉਪਜਣ ਨਾਲ, ਮਨੁਖ ਉਸ ਨੂੰ ਮੁੜ ਪ੍ਰਾਪਤ ਵੀ ਕਰ ਲੈਂਦਾ ਸੀ। ਤੇ ਕਈ ਵਾਰੀ ਦੈਵਨੇਤ ਹੀ ਇਸ ਤਰ੍ਹਾਂ ਰੋਣ ਕੁਰਲਾਣ ਤੋਂ ਪਿਛੋਂ ਅਜਿਹੀ ਖੋਈ ਹੋਈ ਵਸਤ ਪ੍ਰਾਪਤ ਹੋ ਜਾਂਦੀ ਸੀ। ਰੋਣ ਕੁਰਲਾਣ ਤੋਂ ਪਿਛੋਂ ਇਸ ਤਰ੍ਹਾਂ ਦੀ ਮੁੜ ਪ੍ਰਾਪਤੀ ਨੂੰ ਰੋਣ ਕੁਰਲਾਣ ਦਾ ਫਲ ਸਮਝ ਲੈਣਾ ਮਨੁਖ ਲਈ ਸੁਭਾਵਕ ਗੱਲ ਸੀ। ਸੋ ਇਸੇ ਤਰ੍ਹਾਂ ਕਿਸੇ ਸ਼ੋਕ-ਮਈ ਘਟਨਾ ਵੇਲੇ, ਕਿਸੇ ਪਿਆਰੀ ਵਸਤ ਦੇ ਖੋਏ ਜਾਣ ਸਮੇਂ ਰੋਣ ਕੁਰਲਾਣ ਨੂੰ ਇਸ ਨੂੰ ਮੁੜ ਪ੍ਰਾਪਤ ਕਰਨ ਦਾ ਸਾਧਨ ਸਮਝਿਆ ਜਾਣ ਲਗ ਪਿਆ। ਤੇ ਜਿੱਤ ਵੇਲੇ ਹੀ ਨਹੀਂ, ਹਾਰ ਵੇਲੇ, ਸ਼ੋਕ ਵੇਲੇ, ਵੀ ਕਲਾ ਦੀ ਆਵਸ਼ਕਤਾ ਪੈਦਾ ਹੋ ਗਈ। ਕਲਾ ਪ੍ਰਾਪਤੀ ਦਾ ਭੁਲੇਖਾ ਪੈਦਾ ਕਰ ਕੇ ਪ੍ਰਾਪਤੀ ਵਿਚ ਸਹਾਇਕ ਹੋਣ ਵਾਲਾ ਇਕ ਸਾਧਨ ਬਣ ਗਈ। ਇਹ ਇਕ ਸਮਾਜਕ ਕਰਮ ਬਣ ਗਈ।

ਇਸ ਤੋਂ ਪਿਛੋਂ ਕਲਾ ਕੇਵਲ ਪ੍ਰਾਪਤੀ ਦਾ ਭੁਲੇਖਾ ਪੈਦਾ ਕਰ ਕੇ ਪ੍ਰਾਪਤੀ ਵਿਚ ਸਹਾਇਕ ਹੋਣ ਵਾਲੀ ਵਸਤ ਹੀ ਨਾ ਰਹੀ। ਇਹ ਪ੍ਰਾਪਤੀ ਲਈ ਮਨੁਖ ਵਿਚ ਯੋਗ ਮਾਨਸਿਕ ਅਵਸਥਾ ਪੈਦਾ ਕਰਨ ਵਾਲਾ ਕਰਮ, ਮਨੁਖ ਦੇ ਭਾਵਾਂ ਤੇ ਮਾਨਸਿਕ ਰੁਚੀਆਂ ਨੂੰ ਸਿਖਅਤ ਕਰਨ ਵਾਲਾ ਕਰਮ, ਇਕ ਭਾਵਕ ਤੇ ਮਾਨਸਿਕ ਸਿਖਿਆ ਦਾ ਸਾਧਨ ਤੇ ਇਸ ਤਰ੍ਹਾਂ ਇਕ ਹੋਰ ਵੀ ਵਧੇਰੇ ਲਾਭਵੰਦਾ ਸਮਾਜਕ ਕਰਮ ਬਣ ਗਈ। ਇਸ ਦੀ ਇਸ ਸਮਾਜਕ ਯੋਗਤਾ ਨੂੰ ਹੁਣ ਤਕ ਦਾ ਸ਼੍ਰੇਣੀ ਸਮਾਜ ਵੀ ਪਛਾਣਦਾ ਆਇਆ ਹੈ। ਪਰ ਨਵੇਂ ਸਮਾਜਵਾਦੀ ਸਮਾਜ ਵਿਚ ਤਾਂ ਇਸ ਦਾ ਇਹ

## ਇਹ ਪੱਛਮ ਹੈ

ਸੁਖਵਿੰਦਰ

ਇਹ ਪੱਛਮ ਹੈ
ਅਸੀਂ ਮਸ਼ੀਨਾਂ ਵਾਂਗ
ਘਰਰ ਘਰਰ ਕਰਦੇ ਹਾਂ
ਅਲਾਰਮ ਕਲਾਕ ਬੋਲਦੇ ਹਨ
ਸ਼ੁਭ ਸਵੇਰ
ਮੇਰੇ ਵੀਰ, ਮੇਰੀ ਭੈਣ
ਮੇਰੇ ਦੋਸਤੋ, ਮੇਰੇ ਰਕੀਬੋ

ਸਮਾਂ ਕੋਈ ਵੀ ਹੋ ਸਕਦਾ ਹੈ

ਇਹ ਪੱਛਮ ਹੈ
ਅਸੀਂ ਮਸ਼ੀਨਾਂ ਵਾਂਗ
ਘਰਰ ਘਰਰ ਕਰਦੇ ਹਾਂ

ਕੁੱਕੜ ਦੀ ਬਾਂਗ ਤੋਂ ਲੈ ਕੇ
ਚਾਟੀਆਂ ਵਿਚਲੀਆਂ ਮਧਾਣੀਆਂ ਤੱਕ
ਸਾਡੇ ਦਿਮਾਗ
ਕੰਪੀਊਟਰ ਵਾਂਗ ਆਦੇਸ਼ ਦਿੰਦੇ ਹਨ
ਸ਼ੁਰੂ ਹੋ, ਰੁਕ ਜਾ
ਖੱਬੇ ਮੁੜ, ਸੱਜੇ ਮੁੜ
ਰੁਕ ਜਾ, ਤੇਜ਼ ਚੱਲ

ਮਕਾਨਾਂ ਦੇ ਮਾਰਟਗੇਜ
ਹਾਈਡਰੋ ਦੇ ਬਿੱਲ
ਗਰਾਸਰੀ ਦੀਆਂ ਲੰਬੀਆਂ ਲਿਸਟਾਂ
ਤੇ ਪੱਛਮੀ ਸਲੀਕੇ ਦੇ
ਚਰੇ ਹੋਏ, ਸਾਡੇ ਦਿਮਾਗ
ਸਾਡੀਆਂ ਬੀਵੀਆਂ, ਸਾਡੇ ਬੱਚੇ
ਸਾਡੇ ਅੰਗ ਬੋਲਦੇ ਹਨ
ਘਰਰ ਘਰਰ

ਇਹ ਪੱਛਮ ਹੈ
ਅਸੀਂ ਮਸ਼ੀਨਾਂ ਵਾਂਗ
ਘਰਰ ਘਰਰ ਕਰਦੇ ਹਾਂ
ਅਲਾਰਮ ਕਲਾਕ ਬੋਲਦੇ ਹਨ
ਸ਼ੁਭ ਸਵੇਰ
ਮੇਰੇ ਵੀਰ, ਮੇਰੀ ਭੈਣ
ਮੇਰੇ ਦੋਸਤੋ, ਮੇਰੇ ਰਕੀਬੋ

ਸਮਾਂ ਕੋਈ ਵੀ ਹੋ ਹਕਦਾ ਹੈ।

●

ਕਰਮ ਵਡਮੁਲਾ ਸਮਝਿਆ ਜਾਂਦਾ ਹੈ, ਜਿਸ ਲਈ ਉਥੇ ਕਲਾ ਨੂੰ ਵਧਾਣਾ ਫੁਲਾਣਾ ਕੇਵਲ ਕਲਾਕਾਰਾਂ ਤੇ ਕਲਾ ਵਿਚ ਦਿਲਚਸਪੀ ਲੈਣ ਵਾਲੇ ਲੋਕਾਂ ਤੇ ਸੰਸਥਾਵਾਂ ਦਾ ਕੰਮ ਹੀ ਨਹੀਂ ਰਹ ਗਿਆ, ਸਮਾਜ ਤੇ ਰਾਜ ਪ੍ਰਬੰਧ ਦਾ ਕਰਤਵ ਸਮਝਿਆ ਜਾਣ ਲਗ ਪਿਆ ਹੈ । ਤੇ ਇਸੇ ਕਾਰਣ, ਕੇਵਲ ਸਾਹਿਤ ਦੇ ਘੇਰੇ ਵਿਚ ਹੀ ਨਹੀਂ, ਸੋਵੀਅਤ ਰੂਸ ਵਿਚ ਸਮੁਚੀ ਕਲਾ ਦਾ ਜਨਮ ਤੇ ਪ੍ਰਚਾਰ ਦੂਜੇ ਦੇਸਾਂ ਨਾਲੋਂ ਬਹੁਤ ਵਧੇਰੇ ਮਾਤ੍ਰਾ ਵਿਚ ਹੋ ਰਿਹਾ ਹੈ ।

ਪਰ ਜਿਸ ਤਰ੍ਹਾਂ ਉਪਰ ਦੱਸਿਆ ਗਿਆ ਹੈ, ਇਸ ਕਥਨ ਨਾਲ ਕਲਾ ਦੀ ਸਾਧਾਰਣਤਾ ਦਾ ਹੀ ਨਿਰੂਪਣ ਹੁੰਦਾ ਹੈ । ਕਲਾ, ਤੇ ਜੋ ਇਥੇ ਅਸਾਡਾ ਵਿਸ਼ੇ ਹੈ, ਕਵਿਤ੍ਰਾ ਨੂੰ ਹੋਰ ਕਲਾ ਨਾਲੋਂ ਨਿਖੇੜ ਕੇ ਕੁਝ ਨਹੀਂ ਦੱਸਿਆ ਗਿਆ । ਤੇ ਇਥੇ ਅਸਾਡਾ ਮੰਤਵ ਕਵਿਤਾ ਦਾ ਇਹ ਨਿਖੇੜ, ਇਹ ਵਿਸ਼ੇਸ਼ੀਕਰਣ ਹੈ ।

ਇਸ ਲਈ ਪਹਲਾਂ ਅਸਾਨੂੰ ਮੁਢਲੇ ਜੀਵਨ ਵਿਚ ਕਵਿਤਾ ਦਾ ਗਾਣ ਨਾਲੋਂ ਨਿਖੇੜਾ ਵਿਚਾਰ ਹੇਠ ਲਿਆਣਾ ਚਾਹੀਦਾ ਹੈ । ਜਦੋਂ ਮਨੁਖ ਰੋਂਦਾ ਤੇ ਗਾਂਦਾ ਸੀ, ਤਾਂ ਸਪਸ਼ਟ ਹੈ ਕਿ ਉਹ ਸਾਧਾਰਣ ਭਾਂਤ ਗੱਲ ਬਾਤ ਦੇ ਸ਼ਬਦ ਨਹੀਂ ਸੀ ਉਚਾਰਦਾ । ਜੇ ਉਹ ਕਿਸੇ ਵਸਤ ਦਾ ਨਾਉਂ ਲੈਂਦਾ ਸੀ ਤਾਂ ਮੁੜ ਮੁੜ ਉਸ ਨੂੰ ਮੰਗਦਾ ਸੀ । ਸੋ ਸਭ ਤੋਂ ਪਹਲੀ ਕਵਿਤਾ ਕਿਸੇ ਨਾਉਂ, ਸ਼ਬਦ ਜਾਂ ਸ਼ਬਦੋਕਤੀ ਦਾ ਮੁੜ ਮੁੜ ਉਚਾਰਣ ਸੀ । ਇਸ ਮੁੜ ਮੁੜ ਉਚਾਰਣ ਵਿਚ ਨਾਚ ਦੇ ਟੱਪਿਆਂ ਨਾਲ, ਜਾਂ ਗਿੱਧੇ ਦੀਆਂ ਤਾਲੀਆਂ ਨਾਲ, ਜੁੜਦੀ ਸ਼ਬਦਾਂ ਦੀ ਦੁਹਰਾਈ ਸੀ । ਪੁਰਾਣੇ ਸਮੇਂ ਦੇ ਮੰਤਰ ਇਸੇ ਤਰ੍ਹਾਂ ਦੀ ਦੁਹਰਾਈ ਹਨ । ਫਿਰ ਇਸ ਤੋਂ ਪਿਛੋਂ ਇਸ ਦੁਹਰਾਈ ਵਿਚ ਵੰਨਗੀ ਪੈਦਾ ਕਰਨ ਲਈ, ਸ਼ਬਦਾਂ ਵਿਚ ਕੁਝ ਬਦਲੀ ਤੇ ਪਰਿਵਰਤਨ ਹੋਣ ਲਗ ਪਿਆ । ਪਰ ਇਨ੍ਹਾਂ ਥੋੜਾ ਬਹੁਤ ਬਦਲਦੇ ਸ਼ਬਦਾਂ ਲਈ ਨਾਚ ਜਾਂ ਗਿੱਧੇ, ਆਦਿਕ, ਦੇ ਤਾਲ ਨਾਲ ਮੇਲ ਖਾਣਾ ਜ਼ਰੂਰੀ ਸੀ । ਸੋ ਕਵਿਤਾ ਉਨ੍ਹਾਂ ਸ਼ਬਦਾਂ ਦਾ ਸੰਗ੍ਰਹ ਬਣ ਗਈ ਜੋ ਨਾਚ ਜਾਂ ਗਿਧੇ, ਆਦਿਕ, ਦੇ ਤਾਲ ਨਾਲ ਮੇਲ ਖਾਂਦੇ ਸਨ, ਅਥਵਾ ਇਹ ਉਹ ਸ਼ਬਦ ਸਨ ਜਿਨ੍ਹਾਂ ਵਿਚ ਮਾਤ੍ਰਾ ਜਾਂ ਉਚਾਰਣ ਦਾ ਕੋਈ ਤਾਲਮੇਲ ਸੀ । ਜੇ ਇਕ ਸ਼ਬਦ ਜਾਂ ਉਕਤੀ ਵਿਚ ਚਾਰ, ਅੱਠ ਜਾਂ ਬਾਰਾਂ ਮਾਤ੍ਰਾ ਸਨ, ਤਾਂ ਦੂਜੇ ਵਿਚ ਵੀ ਇਤਨੀਆਂ ਮਾਤ੍ਰਾਂ ਹੋਣੀਆਂ ਜ਼ਰੂਰੀ ਸਨ । ਜਦੋਂ ਸ਼ਬਦਾਂ ਤੇ ਉਕਤੀਆਂ ਜਾਂ ਵਾਕਾਂ ਵਿਚ ਇਸ ਤਰ੍ਹਾਂ ਦਾ ਮਾਤ੍ਰਿਕ ਤੋਲ ਪੈਦਾ ਹੋ ਗਿਆ ਤਾਂ ਜਾਣੋ ਛੰਦ ਦਾ ਜਨਮ ਹੋ ਗਿਆ, ਤੇ ਕਵਿਤਾ ਰਾਗ ਨਾਲੋਂ ਵੱਖ ਹੋ ਗਈ । ਰਾਗ ਕੇਵਲ ਗਾਣ ਸੀ, ਕਵਿਤਾ ਉਹ ਸ਼ਬਦ ਜੋ ਕਿਸੇ ਮਾਤ੍ਰਿਕ ਤੋਲ ਵਿਚ ਬਧੇ ਇਸ ਤਰ੍ਹਾਂ ਗਾਏ ਜਾਂਦੇ ਸਨ ।

ਇਸ ਤੋਂ ਇਹ ਪ੍ਰਤੀਤ ਹੋਵੇਗਾ ਕਿ ਇਥੇ ਕਵਿਤਾ ਤੇ ਛੰਦ ਨੂੰ ਇਕੋ ਚੀਜ਼ ਆਖਿਆ ਜਾ ਰਿਹਾ ਹੈ । ਹਾਂ, ਇਹ ਠੀਕ ਹੈ, ਰੂਪ ਦੇ ਪੱਖ ਤੋਂ ਕਵਿਤਾ ਤੇ ਛੰਦ ਇਕੋ ਹੀ ਚੀਜ਼ ਦੇ ਦੋ ਨਾਉਂ ਹਨ ।

ਕੇਵਲ ਛੰਦ-ਬਧ ਰਚਨਾ ਹੀ ਕਵਿਤਾ ਹੈ, ਜਿਵੇਂ ਕੇਵਲ ਇਸਤ੍ਰੀ ਲਿੰਗ-ਰੂਪ ਵਾਲਾ ਵਿਅਕਤੀ ਹੀ ਨਾਰੀ ਜਾ ਇਸਤ੍ਰੀ ਹੈ । ਜਿਸ ਤਰ੍ਹਾਂ ਕਿਸੇ ਇਸਤ੍ਰੀ ਵਿਚ ਨਾਰੀਤਵ ਦੇ ਗੁਣ ਘਟ ਜਾਂ ਵਧ ਹੋ ਸਕਦੇ ਹਨ, ਉਸੇ ਤਰ੍ਹਾਂ ਛੰਦ ਵਿਚ ਵੀ ਕਵਿਤਾ ਵਾਲੇ ਗੁਣ ਘਟ ਜਾਂ ਵਧ ਹੋ ਸਕਦੇ ਹਨ । ਪਰ ਕਵਿਤਾ ਦੇ ਨਾਉਂ ਦੀ ਯੋਗਤਾ ਕੇਵਲ ਛੰਦ ਨੂੰ ਹੀ ਪ੍ਰਾਪਤ ਹੈ । ਇਹ ਠੀਕ ਹੈ ਕਿ ਪਿਛਲੇ ਕੁਝ ਸਮੇਂ ਤੋਂ ਤੇ ਪੂੰਜੀਵਾਦੀ ਸਮਾਜ ਦੇ ਕੁਝ ਦਾਇਰਿਆਂ ਵਿਚ ਇਕ ਅਜਿਹੀ ਭਾਂਤ ਦੀ ਗੱਦ ਨੂੰ ਜਿਸ ਵਿਚ ਅਲੰਕਾਰ, ਆਦਿਕ, ਦੀ ਬਹੁਲਤਾ ਹੁੰਦੀ ਹੈ ਖੁਲੀ ਕਵਿਤਾ ਕਿਹਾ ਜਾਣ ਲਗ ਪਿਆ ਹੈ । ਪਰ ਇਸ ਤਰ੍ਹਾਂ ਕਈ ਦਾਇਰਿਆਂ ਵਿਚ ਪੁਰਾਣੇ ਸਮੇਂ ਵਿਚ ਤੇ ਸ਼ਾਇਦ ਹੁਣ ਵੀ ਮੁੰਡਿਆਂ ਨੂੰ ਇਸਤ੍ਰੀ ਦੇ ਕਪੜੇ ਤੇ ਗਹਿਣੇ ਪਹਨਾ ਕੇ ਉਨ੍ਹਾਂ ਵਿਚ ਨਾਰੀਤਵ ਦੇ ਕੁਝ ਗੁਣ ਪੈਦਾ ਕੀਤੇ ਜਾਂਦੇ ਸਨ । ਪਰ ਇਸ ਤਰ੍ਹਾਂ ਨਾਲ ਜਿਸ ਤਰ੍ਹਾਂ ਇਕ ਪੁਰਖ ਨਾਰੀ ਨਹੀਂ ਬਣ ਸਕਦਾ, ਗੱਦ ਵੀ ਅਲੰਕਾਰਾਂ ਨਾਲ ਲੱਦ ਹੋ ਕੇ ਕਵਿਤਾ ਨਹੀਂ ਬਣ ਸਕਦੀ । ਛੰਦ ਕਵਿਤਾ ਦਾ ਸਰੀਰ, ਲਿੰਗ-ਰੂਪ ਹੈ । ਛੰਦ-ਰਹਿਤ ਕਾਵਮਈ ਰਚਨਾ ਲਿੰਗ-ਰਹਿਤ ਇਸਤ੍ਰੀ-ਰੂਪ ਜੀਵ ਵਾਕਰ ਹੈ ।

ਪਰ ਜਿਸ ਤਰਾਂ ਲਿੰਗ-ਰੂਪ ਗੁਣ ਦੇ ਪੱਖ ਤੋਂ ਪੂਰਾ ਨਾਰੀਤਵ ਨਹੀਂ, ਇਸ ਤਰ੍ਹਾਂ ਗੁਣ ਦੇ ਪੱਖ ਤੋਂ ਕਵਿਤਾ ਲਈ ਛੰਦ-ਬਧ ਹੋਣਾ ਕਾਫ਼ੀ ਨਹੀਂ । ਛੰਦ ਦੇ ਨਿਯਮਾਂ ਵਿਚ ਬਧੇ ਸ਼ਬਦ ਕਵਿਤਾ ਹਨ. ਪਰ ਇਤਨੀ ਗੱਲ ਨਾਲ ਇਨ੍ਹਾਂ ਵਿਚ ਕਾਵਮਈ ਉੱਤਮਤਾ


ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ ਸਾਡੇ ਸਟੋਰ ਵਿਚ ਦਰਸ਼ਨ ਦਿਓ।

Largest of it's kind in North America

ਦੂਸਰਿਆ ਦੀ ਸੇਲ ਪ੍ਰਾਈਸ ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

British Columbia's Finest Indian Grocery Store

327-0295

5125 VICTORIA - DRIVE VANCOUVER

Try Raja's Famous



TANDOORIE CHICKEN

MAKKI—DI-ROTTI & SAAG

AT

Tandori Hut

LICENSED

PHONE: 325-5014

7209 Main St. Vancouver

ਨਹੀਂ ਸਮਾਈ ਹੁੰਦੀ । ਕਾਵਮਈ ਉੱਤਮਤਾ ਲਈ ਛੰਦ-ਬਧ ਸ਼ਬਦਾਂ ਨੂੰ ਹੋਰ ਗੁਣਾਂ ਦੀ ਵੀ ਲੋੜ ਹੈ । ਇਨ੍ਹਾਂ ਵਿਚ ਸਭ ਤੋਂ ਪਹਲਾ ਗੁਣ ਤਾਂ ਨਿਆਇ ਤੇ ਬੁਧੀ ਦਾ ਹੈ ਹੀ, ਕਿਉਂ ਜੋ ਕੋਈ ਰਚਨਾ ਵੀ, ਪਦ ਹੋਵੇ ਭਾਵੇਂ ਗੱਦ, ਨਿਆਇ ਤੇ ਬੁਧੀ ਤੋਂ ਬਿਨਾਂ ਮਨੁਖ ਲਈ ਬਹੁਤਾ ਅਰਥ ਨਹੀਂ ਰਖ ਸਕਦੀ । ਇਸ ਲਈ ਨਿਆਇਕਾਰਿ ਬੁਧੀ ਦਾ ਹੋਣਾ ਕਵਿਤਾ ਦਾ ਕੋਈ ਵਿਸ਼ੇਸ਼ ਗੁਣ ਨਹੀਂ, ਭਾਵੇਂ ਇਸ ਤੋਂ ਬਿਨਾ ਛੰਦ-ਬਧ ਸ਼ਬਦਾਂ ਜਾਂ ਧੁਨੀਆਂ ਨੂੰ ਰਚਨਾ ਦਾ ਨਾਉਂ ਨਹੀਂ ਦਿਤਾ ਜਾ ਸਕਦਾ । ਇਥੇ ਇਹ ਗੱਲ ਇਸ ਤਰ੍ਹਾਂ ਜ਼ੋਰ ਨਾਲ ਦੱਸਣ ਦੀ ਲੋੜ ਇਸ ਕਰਕੇ ਹੈ ਕਿ ਅਸਾਡੇ ਪੂੰਜੀਵਾਦੀ ਸਮਾਜ ਦੀ ਅਧੋਗਤੀ ਦਾ ਇਕ ਇਹ ਵੀ ਬੋਲਾ ਹੋ ਗਿਆ ਹੈ ਕਿ ਕਲਾ ਵਿਚ ਨਿਆਇ ਦੀ ਆਵਸ਼ਕਤਾ ਨਹੀਂ ਤੇ ਇਹ ਸਗੋਂ ਨਿਆਇ ਤੋਂ ਸੁਤੰਤਰ ਹੋ ਕੇ ਇਕ ਉੱਤਮ ਭਾਂਤ ਦੇ ਤੱਤ-ਵਾਸਤਵ ਦਾ ਪ੍ਰਕਾਸ਼ ਕਰਦੀ ਹੈ । ਤੇ ਕਲਾ ਦੇ ਇਸ ਝੂਠੇ ਦਰਸ਼ਨ ਨੂੰ ਪਰ-ਵਾਸਤਵ-ਵਾਦ ਦਾ ਨਾਉਂ ਦਿਤਾ ਜਾਂਦਾ ਹੈ ।

ਕਵਿਤਾ ਦਾ ਉਹ ਵਿਸ਼ੇਸ਼ ਲਛਣ ਜੋ ਇਸ ਨੂੰ ਗੁਣ ਦੇ ਪੱਖ ਤੋਂ ਗੱਦ ਨਾਲੋਂ ਵਖਰੀ ਕਰਦਾ ਹੈ, ਇਸ ਨੂੰ ਗੱਦ ਨਾਲੋਂ ਵਿਸ਼ੇਸ਼ਤਾ ਦੇਂਦਾ ਹੈ, ਅਲੰਕਾਰ ਹੈ । ਠੀਕ ਉਸੇ ਤਰਾਂ ਜਿਸ ਤਰਾਂ ਨਾਰੀ ਲਈ ਨਰ ਨਾਲੋਂ ਵਿਸ਼ੇਸ਼ ਅਧਿਕ ਰੂਪ ਵਿਚ ਗਹਣੇ ਤੇ ਸ਼ਿੰਗਾਰ ਦੀ ਲੋੜ ਹੈ, ਕਵਿਤਾ ਨੂੰ ਅਲੰਕਾਰ ਦੀ ਲੋੜ ਹੈ । ਜਿਵੇਂ ਗਹਣਾ ਸ਼ਿੰਗਾਰ ਨਾਰੀ ਦੇ ਨਾਰੀਤਵ ਨੂੰ ਸਜਾਂਦਾ ਹੈ, ਇਸੇ ਤਰ੍ਹਾਂ ਅਲੰਕਾਰ ਕਵਿਤਾ ਦੀ ਕਾਵਮਇਤਾ ਨੂੰ ਚਮਕਾਂਦਾ ਹੈ । (ਛੰਦ ਤੇ ਅਲੰਕਾਰ ਬਾਰੇ ਵਧੇਰੇ ਵਿਸਤਾਰ ਵਿਚ ਚਰਚਾ ਅਗੇ ਚਲ ਕੇ ਕੀਤੀ ਜਾਵੇਗੀ ।)

ਇਸ ਤੋਂ ਅਗੇ ਅਸਾਡੀ ਚਰਚਾ ਕਵਿਤਾ ਦੇ ਸੁਭਾਵ ਵਲ ਆਉਂਦੀ ਹੈ । ਜਿਸ ਤਰ੍ਹਾਂ ਉਪਰੋਕਤ ਵਿਚ ਕਵਿਤਾ ਦੇ ਭੁਲੇਖੇ ਉਪਜਾਊ ਕਰਮ ਬਾਰੇ ਸੰਕੇਤ ਕੀਤਾ ਗਿਆ ਹੈ, ਕਵਿਤਾ ਦਾ ਸੁਭਾਵ ਬਦਲ ਰਹੇ, ਵਿਗਸ ਰਹੇ, ਬਣ ਰਹੇ, ਬਣਨ ਵਾਲੇ ਵਾਸਤਵ ਦੀ ਰੂਪ ਰੇਖਾ ਚਿਤਰਨਾ ਅਥਵਾ ਕਲਪਿਤ ਕਰਨਾ ਹੈ । ਕਲਪਨਾ ਕਵਿਤਾ ਦਾ ਸੁਭਾਵ ਹੈ । ਇਹ ਕਲਪਨਾ ਹੀ ਵਧੇਰੇ ਕਵਿਤਾ ਦੇ ਅਲੰਕਾਰਾਂ ਦਾ ਆਧਾਰ ਹੁੰਦੀ ਹੈ, ਜਿਸ ਤਰ੍ਹਾਂ ਇਸਤ੍ਰੀ ਦੇ ਸ਼ਿੰਗਾਰ ਦਾ ਆਧਾਰ ਉਸ ਦੀ ਕਲਪਨਾ ਹੁੰਦੀ ਹੈ ।

ਵਿਕਾਸ ਪਾ ਰਿਹਾ, ਬਣ ਰਿਹਾ ਵਾਸਤਵ ਵਰਤਮਾਨ ਦਾ ਹੀ ਇਕ ਰੂਪ, ਇਕ ਭਾਗ ਹੁੰਦਾ ਹੈ। ਇਸ ਦੀ ਕਲਪਨਾ ਦਾ ਆਧਾਰ ਵਰਤਮਾਨ ਵਾਸਤਵ ਤੇ ਇਸ ਤੋਂ ਉਪਜ ਰਹੇ ਵਿਚਾਰ, ਉੱਦੇਸ਼ ਤੇ ਆਦਰਸ਼ ਹੁੰਦੇ ਹਨ। ਇਸ ਲਈ ਕਵਿਤਾ ਲਈ ਵਰਤਮਾਨ ਵਾਸਤਵ ਦਾ ਗਿਆਨ ਬਹੁਤ ਜ਼ਰੂਰੀ ਹੈ । ਇਸ ਗਿਆਨ ਦਾ ਆਧਾਰ ਅਗੋਂ ਕਵੀ ਦੇ ਅਨੁਭਵ ਤੇ ਕਰਣੀ ਉਤੇ ਹੁੰਦਾ ਹੈ। ਪਰ ਕਵਿਤਾ ਦੇ ਮੰਤਵ ਲਈ ਨਿਜੀ ਅਨੁਭਵ ਕਾਫੀ ਨਹੀਂ। ਕਵਿਤਾ ਇਸ ਨਿਜੀ ਅਨੁਭਵ ਦੇ ਕਲਪਿਤ ਪਸਾਰ ਦੀ ਮੰਗ ਕਰਦੀ ਹੈ। ਤੇ ਅਨੁਭਵ ਦਾ ਕਲਪਿਤ ਪਸਾਰ ਫਿਰ ਬੁਧੀ ਦਾ ਰਿਣੀ ਹੈ। ਇਸ ਤਰ੍ਹਾਂ ਕਲਪਨਾ ਤੇ ਅਨੁਭਵ ਬੁਧੀ ਨਾਲ ਸੰਬੰਧਿਤ ਸ਼ਕਤੀਆਂ ਹੀ ਹਨ । ਅਨੁਭਵ ਵਾਸਤਵ ਤੇ ਬੁਧੀ ਦੇ ਸੰਜੋਗ ਦੀ ਉਪਜ ਹੈ ਤੇ ਕਲਪਨਾ ਅਨੁਭਵ ਤੇ ਬੁਧੀ ਦੇ ਸੰਜੋਗ ਦੀ, ਭਾਵੇਂ ਇਨ੍ਹਾਂ ਤੱਤਾਂ ਦਾ ਇਸ ਤਰ੍ਹਾਂ ਦਾ ਸਾਕਾਚਾਰ ਦੱਸਣਾ ਇਕ ਬਣਾਵਟੀ ਜਿਹੀ, ਯਾਂਤ੍ਰਿਕ ਜਿਹੀ ਗੱਲ ਜਾਪਦਾ ਹੈ ।

ਅਨੁਭਵ ਬਾਰੇ ਵਿਸਤਾਰ ਵਿਚ ਚਰਚਾ ਅਗੇ ਚਲ ਕੇ ਕੀਤੀ ਜਾਵੇਗੀ । ਇਥੇ ਇਤਨਾ ਕਹ ਦੇਣਾ ਹੀ ਕਾਫੀ ਹੈ ਕਿ ਮਨੁਖੀ ਅਨੁਭਵ ਇਕ ਬੜਾ ਗੰਭੀਰ ਤੇ ਜਟਿਲ ਤੱਤ ਹੈ । ਇਸ ਵਿਚ ਸਾਧਾਰਣ ਬੁਧੀ, ਮਨੋਭਾਵ, ਆਸ਼ੇ, ਸੰਕਲਪ ਤੇ ਅੰਤਹਕਰਣ ਦੀਆਂ ਹੋਰ ਸਕਤੀਆਂ ਸਭ ਕੰਮ ਕਰਦੇ ਹਨ । ਬੁਧੀ, ਕਲਪਨਾ, ਮਨੋਭਾਵ, ਆਸ਼ੇ, ਸੰਕਲਪ ਤੇ ਅੰਤਹਕਰਣ ਸਭ ਇਕ ਦੂਜੇ ਉਤੇ ਪ੍ਰਭਾਵ ਪਾਂਦੇ ਹਨ ਤਾਂ ਅਨੁਭਵ ਉਪਜਦਾ ਹੈ ।

ਉਪਰੋਕਤ ਤੋਂ ਅਸੀਂ ਇਹ ਸਿੱਟਾ ਕਢ ਸਕਦੇ ਹਾਂ ਕਿ ਕੋਈ ਕਵੀ ਜਿਤਨਾ ਕਰਣੀ ਦਾ ਉਚਾ ਤੇ ਸੁਚਾ, ਅਨੁਭਵ ਵਿਚ ਸ਼ਕਤੀ-ਸ਼ਾਲੀ, ਵਿਸ਼ਾਲ ਤੇ ਤੀਖਣ ਹੋਵੇਗਾ, ਉਨਤੀ ਹੀ ਉੱਤਮ ਉਸ ਦੀ ਰਚਨਾ ਹੋਵੇਗੀ । ਮਹਾਂ ਪੁਰਸ਼ਾਂ ਦੀ ਬਾਣੀ ਇਸ ਲਈ ਹੀ ਆਮ ਕਰਕੇ ਉਚੀ ਪਦਵੀ ਦੀ ਕਵਿਤਾ ਹੁੰਦੀ ਹੈ । ਪਰ ਕਈ ਵਾਰੀ ਇਹ ਦੇਖਣ ਵਿਚ ਆਇਆ ਹੈ ਕਿ ਸਾਧਾਰਣ ਪਦਵੀ ਦੇ ਇਸਤ੍ਰੀ ਪੁਰਖ ਵੀ ਕਾਫੀ ਵਧੀਆ ਕਵਿਤਾ ਜਾਂ ਕਲਾ ਰਚ ਲੈਂਦੇ ਹਨ । ਸ਼ਾਇਦ ਇਹ ਅਸਚਰਜਤਾ ਕੇਵਲ ਉਪਰਲੀ ਹੀ ਗੱਲ ਹੈ । ਕੇਵਲ ਕਵੀ ਹੀ ਨਹੀਂ, ਕਈ ਨੇਤਾ ਜਾਂ ਵਿਗਿਆਨੀ ਵੀ ਦੇਖਣ ਵਿਚ ਤੇ ਸਾਧਾਰਣ


**If you are looking for**
***Quality** [redacted]
*** Quality** [redacted]
*** Price** [redacted]
*** After sale service when buying your car contact**
**Kuldip S. Jhand**

ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫ਼ੂਨ ਕਰੋ



Office
**521-7731**
Res. 524-4137

**WESTMINSTER CHEVROLET-OLDSMOBILE**
12 th Ave. at Queens Ave.
New West Minster



**GOYAL TRAVEL**

**4152 Fraser St.**
**Vancouver, B.C.**
**Tel:**
**[604] 872-7658**

*WE OFFER THE CHEAPEST FARES TO*

**. India . Pakistan .**
**. Nairobi . Dareselam .**

*SPECIAL FARES FROM SEATTLE TO LONDON-*
*One way or Return*
4 Offices in India to serve you:

**New Delhi . Jullundur**
**. Moga Jagroan .**

ਵਿਵਹਾਰ ਵਿਚ ਬਹੁਤੇ ਪ੍ਰਭਾਵਕ, ਸ਼ਲਾਘਨੀ ਜਾਂ ਉੱਤਮ ਨਹੀਂ ਹੁੰਦੇ। ਪਰ ਦੂਜੇ ਪਾਸੇ ਸ਼ਾਇਦ ਇਹ ਵੀ ਪੱਕੀ ਗੱਲ ਹੈ ਕਿ ਅਜਿਹੇ ਲੋਕ ਬਹੁਤੀ ਉੱਤਮ ਕਲਾ ਜਾਂ ਕਿਰਤ ਦੇ ਕਰਤਾ ਵੀ ਨਹੀਂ ਹੋ ਸਕਦੇ।

ਜਗਤ ਦੇ ਦੋ ਮਹਾਂ ਕਵੀਆਂ ਬਾਰੇ ਇਹ ਭੁਲੇਖਾ ਹੋ ਸਕਦਾ ਹੈ ਕਿ ਉਹ ਆਪਣੇ ਜੀਵਨ ਤੇ ਸਮਾਜਕ ਵਿਵਹਾਰ ਵਿਚ ਮਹਾਂ ਪੁਰਖ ਨਹੀਂ ਸਨ। ਉਹ ਦੋ ਕਵੀ ਹਨ, ਸ਼ੇਕਸਪੀਅਰ ਤੇ ਕਾਲੀਦਾਸ। ਇਨ੍ਹਾਂ ਵਿਚੋਂ ਕਾਲੀਦਾਸ ਵੀ ਸ਼ਾਇਦ ਆਪਣੇ ਸਮੇਂ ਵਿਚ ਗੇਤੇ ਜਾਂ ਟੈਗੋਰ ਜਿਹਾ ਮਹਾਂ ਪੁਰਸ਼ ਹੋਇਆ ਹੋਵੇ। ਕੇਵਲ ਸ਼ੇਕਸਪੀਅਰ ਬਾਰੇ ਅਸੀਂ ਨਿਸ਼ਚੇ ਨਾਲ ਕਹ ਸਕਦੇ ਹਾਂ ਕਿ ਉਹ ਇਕ ਮਹਾਂ ਪੁਰਸ਼ ਨਹੀਂ ਸੀ, ਜਾਂ ਕਿਸੇ ਮਹਾਂ ਪੁਰਸ਼ ਜਾਂ ਵਿਦਵਾਨ ਦਾ ਝੂਠਾ ਨਾਮ, ਜਿਵੇਂ ਕਈ ਵਾਰੀ ਕਿਹਾ ਜਾਂਦਾ ਹੈ।

ਜਿਵੇਂ ਉਪਰੋਕਤ ਸੰਕੇਤ ਵਿਚ ਵੀ ਆਇਆ ਹੈ, ਕਵਿਤਾ ਦਾ ਇਕ ਕਰਤਵ ਮਨੁਖ ਨੂੰ ਪ੍ਰਾਪਤੀ ਲਈ ਪ੍ਰੇਰਣਾ ਤੇ ਸ਼ਕਤੀ ਦਾਨ ਕਰਨਾ ਹੈ। ਇਹ ਪ੍ਰੇਰਣਾ ਤੇ ਸ਼ਕਤੀ ਮਨੁਖ ਦੇ ਮਨੋਭਾਵਾਂ ਨੂੰ ਉਤੇਜਿਤ ਕਰ ਕੇ ਉਸ ਦੇ ਕਰਮ ਨੂੰ ਪ੍ਰਭਾਵਿਤ ਕਰਦੀ ਹੈ। ਕਵਿਤਾ ਦੇ ਬਲੀ ਹੋਣ ਦਾ ਮਾਪ ਇਸ ਦੀ ਮਨੁਖ ਦੇ ਅੰਤ੍ਰੀਵ ਭਾਵਾਂ ਨੂੰ ਉਤੇਜਿਤ ਕਰਨ ਵਾਲੀ ਇਹ ਸ਼ਕਤੀ ਹੀ ਹੈ। ਇਹ ਵੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਹ ਅੰਤਰੀਵ ਭਾਵ ਉਚੀ ਕਿਸਮ ਦੇ ਹੋਣ। ਸਾਧਾਰਣ ਲਾਲਸਾ, ਲਿੰਗ ਭਾਵ ਨੂੰ ਉਭਾਰਨ ਵਾਲੀ ਕਵਿਤਾ ਉਚੀ ਨਹੀਂ ਕਹੀ ਜਾ ਸਕਦੀ। ਭਗਤੀ ਭਾਵ ਉਪਜਾਣ ਵਾਲੀ ਕਵਿਤਾ ਇਤਨੀ ਉੱਤਮ ਤਾਂ ਨਹੀਂ ਕਹੀ ਜਾ ਸਕਦੀ, ਪਰ ਇਹ ਘਟੀਆ ਵੀ ਘਟ ਹੀ ਹੁੰਦੀ ਹੈ। ਅਸਲ ਵਿਚ ਅੰਤਰੀਵ ਭਾਵ ਉਸ ਆਦਮੀ ਦੇ ਉੱਤਮ ਹੁੰਦੇ ਹਨ ਜੋ ਬੁਧਿਮਾਨ ਹੋਵੇ। ਸੋ ਉਤਮ ਕਵਿਤਾ ਬੁਧਿਮਾਨ, ਵਿਸ਼ਾਲ ਅਨੁਭਵ ਤੇ ਉਚੀ ਕਰਨੀ ਵਾਲੇ ਕਵੀ ਦੀ ਰਚਨਾ ਹੋਵੇਗੀ ਤੇ ਬੁਧਿਮਾਨ ਪਾਠਕਾਂ ਦੀ ਬੁਧੀ ਨੂੰ ਉਚਾ, ਉਨ੍ਹਾਂ ਦੇ ਅਨੁਭਵ ਨੂੰ ਵਿਸ਼ਾਲ ਤੇ ਤੀਖਣ ਕਰਨ ਤੇ ਉਨ੍ਹਾਂ ਦੀ ਕਰਨੀ ਪੁਰ ਭਲੇ ਪ੍ਰਭਾਵ ਪਾਣ ਵਾਲੀ ਹੋਵੇਗੀ।

— — —

ਸੰਤ ਸਿੰਘ ਸੇਖੋਂ ਦੀਆਂ ਰਚਨਾਵਾਂ

ਨਾਟਕ, ਇਕਾਂਗੀ :

੧. ਛੇ ਘਰ
੨. ਤਪਿਆ ਕਿਉਂ ਖਪਿਆ,
੩. ਨਾਟ ਸੁਨੇਹੇ
੪. ਸੁੰਦਰ ਪਦ

ਨਾਟਕ ਪੂਰੇ:

੧. ਕਲਾਕਾਰ
੨. ਨਾਰਕੀ
੩. ਭੂਦਾਨ
੪. ਵਾਰਿਸ
੫. ਬੇੜਾ ਬੰਧਿ ਨ ਸਕਿਓ
੬. ਮੋਇਆਂ ਸਾਰ ਨ ਕਾਇ
੭. ਦਮਯੰਤੀ
੮. ਸਿਆਲਾਂ ਦੀ ਨਢੀ
੯. ਮਿੱਤਰ ਪਿਆਰਾ

ਸਮਾਲੋਚਨਾ :

੧. ਸਾਹਿਤਿਆਰਥ
੨. ਪੰਜਾਬੀ ਕਾਵਿ ਸ਼ਿਰੋਮਣੀ
੩. ਨਾਟਕ ਕਲਾ ਤੇ ਮੇਰਾ ਅਨੁਭਵ
੪. ਸਮੀਖਿਆ ਪ੍ਰਣਾਲੀਆਂ

ਗੱਦ :

੧. ਪ੍ਰਗਤੀ ਪੰਧ

ਨਿਕੀਆਂ ਕਹਾਣੀਆਂ :

੧. ਸਮਾਚਾਰ
ਬਾਰਾ ਸਿਧਾ
੩. ਅਧੀ ਵਾਟ
੪. ਤੀਜਾ ਪਹਿਰ
੫. ਨੌ ਨਿਧਾਂ
੬. ਕਾਮੇ ਤੇ ਯੋਧੇ

ਨਾਵਲ :

੧. ਲਹੂ ਮਿਟੀ
੨. ਬਾਬਾ ਆਸਮਾਨ

ਅਨੁਵਾਦ :

੧. ਮੈਕਬਥ
੨. ਈਰਖਣੀ (ਕੈਰੇਕਟਰਜ਼)
੩. ਜੌਨਾ ਕਰੀਨਾ
੪. ਸੋਇਆਂ ਦੀ ਸਾਰ

ਕਵਿਤਾ :

੧. ਚਾਂਦ - ਰੁੱਤ

o o o o


PAUL'S PLUMBING & ELECTRICAL SUPPLY

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਉਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਾਡੇ ਕੋਲ ਆਓ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver ● 872-3118
Open Sunday — Parking at rear.

SHAKTI GIFT

6576 MAIN STREET,
VANCOUVER, B.C.



Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259
Bus 321-6214

SPECIALIST IN EAST INDIAN JEWELLERY
GIFTWARE & REPAIRS

ਹਰ ਤਰਾਂ ਦੇ ਗਹਿਣੇ ਖਰੀਦਣ ਲਈ ਸਾਡੀ ਦੁਕਾਨ ਤੇ ਆਓ।

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦੇ ਪ੍ਰਮੁਖ ਨਾਵਲਕਾਰਾਂ ਵਿਚੋਂ ਹੈ। ਉਸ ਦੇ ਨਾਵਲਾਂ ਦੇ ਵਿਸ਼ੇ ਸਮਾਜ ਦੇ ਉਸ ਵਰਗ ਨਾਲ ਸੰਬੰਧਤ ਹਨ ਜਿਸ ਵਿਚ ਮਨੁੱਖ ਅਜੇ ਵੀ ਮਨੁੱਖਾਂ ਵਰਗੀ ਜ਼ਿੰਦਗੀ ਦੀ ਬਜਾਏ ਜਾਨਵਰਾਂ ਵਰਗੀ ਜੂਨ ਭੋਗਣ ਲਈ ਮਜਬੂਰ ਹਨ। ਗੁਰਦਿਆਲ ਸਿੰਘ ਨੂੰ ਇਸ ਵਰਗ ਦੇ ਸਮਾਜਿਕ ਸਥਿਤੀਆਂ ਦੇ ਅੰਤ੍ਰ ਪੀੜ ਦੀ ਡੂੰਘੀ ਸਮਝ ਹੈ; ਉਹ ਸਾਧਾਰਨ ਮਨੁੱਖ ਦੇ ਮਨ ਦੀਆਂ ਧੁਰ ਅੰਦਰਲੀਆਂ ਤਹਿਆਂ ਤੱਕ ਪਹੁੰਚ ਸਕਦਾ ਹੈ। ਉਸ ਦੇ ਪਾਤਰ ਠੇਠ ਪੰਜਾਬੀ ਬੋਲਦੇ ਬੋਲਦੇ ਸਹਿਜ ਸੁਭਾ ਹੀ ਫ਼ਲਸਫ਼ੇ ਦੀਆਂ ਅਜਿਹੀਆਂ ਗੱਲਾਂ ਕਹਿ ਜਾਂਦੇ ਹਨ ਜਿਨ੍ਹਾਂ ਨੂੰ ਆਮ ਚਿੰਤਕ ਅਕਸਰ ਔਖੀ ਸ਼ਬਦਾਵਲੀ ਅਤੇ ਸ਼ੈਲੀ ਦਾ ਸਹਾਰਾ ਲੈ ਕੇ ਵੀ ਸਪਸ਼ਟ ਨਹੀਂ ਕਹਿ ਸਕਦੇ। ਉਸ ਦੇ ਪਾਤਰ ਠੱਠਾ ਮਖੌਲ ਕਰਦੇ ਹੋਣ, ਖਿੱਝ ਰਹੇ ਹੋਣ, ਜਾਂ ਗੁੱਸੇ ਨਾਲ ਉਬਲ ਰਹੇ ਹੋਣ, ਪਿਛੋਕੜ ਵਿਚ ਨਾਵਲਕਾਰ ਦੀ ਸਹਿਜ ਨਾਲ ਤੁਰੀ ਆ ਰਹੀ ਆਪਣੀ ਨਿਰੰਤਰ ਸੁਰ ਹਮੇਸ਼ਾ ਗੰਭੀਰ ਰਹਿੰਦੀ ਹੈ। ਇਸੇ ਗੰਭੀਰ ਸੁਰ ਕਾਰਣ ਉਸ ਦੇ ਨਾਵਲ ਪੜ੍ਹਦਿਆਂ ਕਦੇ 'ਓ ਨੀਲ' ਤੇ 'ਪਿੰਟਰ' ਵਰਗੇ ਨਾਟਕਕਾਰਾਂ ਦੇ ਪਾਤਰ ਤੁਹਾਡੇ ਮਨ ਵਿਚ ਦਿਖਾਈ ਦੇ ਜਾਂਦੇ ਹਨ ਤੇ ਕਦੇ ਸ਼ੋਲੋਖੋਵ ਅਤੇ ਸਟਾਈਨਬੈੱਕ ਵਰਗੇ ਨਾਵਲਕਾਰਾਂ ਦੇ। ਪ੍ਰੋ: ਸੰਤ ਸਿੰਘ ਸੇਖੋਂ ਨੇ ਗੁਰਦਿਆਲ ਸਿੰਘ ਦੇ ਨਾਵਲ "ਅਣਹੋਏ" ਨੂੰ ਅੰਤਰ-ਰਾਸ਼ਟਰੀ ਮਹਾਨ ਪੁਸਤਕਾਂ "ਡਾਨ ਵਹਿੰਦਾ" ਅਤੇ "ਹੈਮਲਿਟ" ਦੇ ਪੱਧਰ ਦਾ ਕਿਹਾ ਹੈ।

ਨਾਵਲਾਂ ਤੋਂ ਇਲਾਵਾ ਗੁਰਦਿਆਲ ਸਿੰਘ ਕਹਾਣੀਕਾਰ ਅਤੇ ਅਨੁਵਾਦਕ ਦੇ ਤੌਰ ਤੇ ਵੀ ਅਤਿ ਸਫਲ ਰਿਹਾ ਹੈ। ਪੰਜਾਬ ਭਾਸ਼ਾ ਵਿਭਾਗ, ਪਟਿਆਲਾ ਵਲੋਂ ਗੁਰਦਿਆਲ ਸਿੰਘ ਦੀਆਂ ਪੁਸਤਕਾਂ ਨੂੰ ਪੰਜ ਵਾਰ 'ਵਰ੍ਹੇ ਦੀ ਸਭ ਉਤਮ ਗਲਪ ਰਚਨਾ' ਵਜੋਂ ਸਨਮਾਨਿਆ ਗਿਆ ਹੈ। 1975 ਵਿਚ ਗੁਰਦਿਆਲ ਸਿੰਘ ਦੇ ਨਾਵਲ "ਅੱਧ ਚਾਨਣੀ ਰਾਤ" ਨੂੰ ਭਾਰਤ ਦੇ ਸਭ ਤੋਂ ਉੱਚੇ ਸਾਹਿਤਕ ਸਨਮਾਨ, ਸਾਹਿਤ ਅਕਾਦਮੀ ਦਾ ਪੁਰਸਕਾਰ ਦਿਤਾ ਗਿਆ। ਗੁਰਦਿਆਲ ਸਿੰਘ ਵਿਚ ਅੰਤਰ-ਰਾਸ਼ਟਰੀ ਪੱਧਰ ਦਾ ਸਾਹਿਤਕਾਰ ਬਣਨ ਦੀਆਂ ਸੰਭਾਵਨਾਵਾਂ ਸਪਸ਼ਟ ਹਨ।

(ਅਜਮੇਰ ਰੋਡੇ)

# ਗੁਰਦਿਆਲ ਸਿੰਘ

●

ਨਾਵਲ

## ਅਣਹੋਏ

ਦਾ 32ਵਾਂ ਕਾਂਡ

•

**ਸੌਣ** ਦਾ ਮਹੀਨਾ ਮੁਕਣ ਵਾਲ਼ਾ ਸੀ, ਪਰ ਅਜੇ ਤਾਈਂ ਤਕੜਾ ਮੀਂਹ ਕੋਈ ਨਹੀਂ ਸੀ ਪਿਆ। ਬੱਦਲ ਘਿਰਦੇ ਤੇ ਖਿੰਡ ਜਾਂਦੇ। ਕੱਲ੍ਹ ਤੋਂ ਫੇਰ ਤਿੱਤਰ-ਖੰਭੀ ਖਿਲਰੀ ਹੋਈ ਸੀ, ਪਰ ਅਜੇ ਤਾਈਂ ਮੀਂਹ ਦਾ ਰੰਗ ਨਹੀਂ ਸੀ ਦਿਸਦਾ। ਪਿੰਡਾਂ, ਤੇ ਮੰਡੀ ਵਿਚ ਲੋਕਾਂ ਨੇ ਕਲ੍ਹ ਤੇ ਪਰਸੋਂ ਜੱਗ ਵੀ ਕੀਤੇ ਸਨ। (ਪਰ ਬਿਸ਼ਨੇ ਨੂੰ ਅਜੇ ਕਿਸੇ ਗੱਲ ਦਾ ਵੀ ਪਤਾ ਨਹੀਂ ਸੀ। ਦੋ ਦਿਨ ਹੋ ਗਏ ਸਨ ਉਹ ਕੋਠੜੀ ਦੇ ਅੰਦਰੋਂ ਨਹੀਂ ਸੀ ਨਿਕਲਿਆ। ਸਾਰਾ ਦਿਨ ਜਾਂ ਪਿਆ ਰਹਿੰਦਾ ਜਾਂ ਬੈਠਾ ਰਹਿੰਦਾ। ਤਾਪ ਵੀ ਨਹੀਂ ਸੀ ਚੜ੍ਹਿਆ, ਪਰ ਪਿੰਡੇ ਵਿਚੋਂ ਭੱਠ ਵਾਂਗ ਸੇਕ ਮਾਰਦਾ ਸੀ। ਦੋਏ ਦਿਨ ਉਹ ਰਾਤ ਨੂੰ ਵੀ ਅੰਦਰ ਹੀ ਸੁੱਤਾ ਸੀ। ਕੰਮ ਦਾ ਜ਼ੋਰ ਹੋਣ ਕਰਕੇ ਭਗਤਾ ਤੇ ਕਾਲਾ ਦਿਨ-ਰਾਤ ਇਕ ਕਰੀ ਰਖਦੇ ਸਨ। ਸਕੂਲਾਂ ਵਿਚ ਛੁੱਟੀਆਂ ਹੋਣ ਕਰਕੇ ਮਾਘੀ ਵੀ ਉਹਨਾਂ ਨਾਲ ਮਾੜਾ-ਮੋਟਾ ਕੰਮ ਕਰਾਉਂਦਾ ਸੀ, ਬਹੁਤਾ ਆਵਾਰਾਗਰਦੀ ਹੀ ਕਰਦਾ ਸੀ। ਕਈ ਦਿਨਾਂ ਤੋਂ ਬਿਸ਼ਨੇ ਨੂੰ ਰੋਟੀ ਵੀ ਓਹੋ ਦੇ ਕੇ ਜਾਂਦਾ ਸੀ, ਪਰ ਅੱਜ ਉਹ ਵੀ ਨਹੀਂ ਸੀ ਆਇਆ।)

ਅੱਧ ਕੁ ਪਹਿਰ ਦਿਨ ਖੜੇ ਦਖਣ ਵਾਲੇ ਪਾਸਿਓਂ ਕਾਲੀ-ਬੋਲੀ ਹਨੇਰੀ ਆਈ ਤੇ ਉਹਨੇ ਘਰਾਂ ਦੀਆਂ ਕੰਧਾਂ ਵੀ ਹਿਲਾ ਦਿਤੀਆਂ, ਛੱਪਰ ਉਡਾ ਦਿਤੇ ਤੇ ਅੱਧਾ-ਪੌਣਾ ਘੰਟਾ ਬੰਦ ਬੂਹਿਆਂ ਵਿਚੋਂ ਦੀ ਭਿਆਨਕ ਸ਼ੂਕਰਾਂ ਸੁਣ ਸੁਣ ਨਿਆਣੇ ਡਰਦੇ ਰਹੇ। ਇਹਦੇ ਨਾਲ ਹੀ ਮੋਟੀਆਂ ਕਣੀਆਂ ਦਾ ਮੀਂਹ ਲਹਿ ਪਿਆ ਤੇ ਦਿਨ ਛਿਪਣੋਂ ਪਹਿਲਾਂ ਚਾਰੇ ਪਾਸੇ ਜਲ-ਥਲ ਹੋ ਗਿਆ। ਗਲੀਆਂ, ਬਜ਼ਾਰਾਂ ਵਿਚ ਪਾਣੀ ਨਾਲਿਆਂ ਵਾਂਗ ਵਗਣ ਪਿਆ। ਤਤੀ, ਰੁੱਖੀ ਹਵਾ ਠਰ ਗਈ। ਬੱਦਲਾਂ ਕਰਕੇ ਦਿਨ ਢਲਦਿਆਂ ਹੀ ਸੰਘਣਾ ਹਨੇਰਾ ਹੋਣ ਲਗ ਪਿਆ। ਬਿਸ਼ਨੇ ਨੇ ਦੀਵਾ ਬਾਲਿਆ ਤੇ ਉਹਨੂੰ ਜਾਪਿਆ ਪਿੰਡੇ ਦੀ ਤਪਸ਼ ਘਟ ਗਈ ਸੀ। ਕੋਠੜੀ ਦੇ ਬੂਹੇ ਵਿਚੋਂ ਆਉਂਦੇ ਠੰਡੀ ਹਵਾ ਦੇ ਸਿੱਧੇ ਫਰਾਟੇ ਕਦੇ ਕਦੇ ਲੂੰ-ਕੰਡਾ ਖੜਾ ਕਰ ਦਿੰਦੇ ਸਨ, ਪਰ ਉਹਨੇ ਕੁੜਤਾ ਫੇਰ ਵੀ ਨਾ ਪਾਇਆ; ਕਪੜਾ ਪਿੰਡੇ ਨਾਲ ਛੁਹਾਇਆਂ ਵੀ ਜਿਹੜੀ ਅਲਕਤ ਆਉਂਦੀ ਸੀ ਤੇ ਅਜੇ ਵੀ ਇਉਂ ਲਗਦਾ ਸੀ ਕਿ ਪਿੰਡੇ ਨਾਲ ਕੁਝ ਲਗਣ ਸਾਰ ਲੂੰ-ਲੂੰ ਓਵੇਂ ਬਲਣ ਲਗ ਪਏਗਾ। ਤੇੜ ਕੋਰੇ ਖੱਦਰ ਦੇ ਵਡੇ ਮੂੰਜੇ ਤੋਂ ਬਿਨਾਂ ਉਹਦੇ ਤਨ ਤੇ ਕੋਈ ਕਪੜਾ ਨਹੀਂ ਸੀ। ਦੀਵਾ ਬਾਲ ਕੇ ਉਹ ਗੋਡਿਆਂ ਦੁਆਲੇ ਕੰਘੀ ਪਾਈ ਮੰਜੇ ਤੇ ਬੈਠਾ ਹਨੇਰੀ ਗਲੀ ਵਲ, ਵਗਦੇ ਪਾਣੀ ਵਿਚ ਡਿੱਗ ਡਿੱਗ ਬੁੜਕਦੀਆਂ ਕਣੀਆਂ ਦਾ ਖੜਾਕ ਸੁਣਦਿਆਂ, ਨਿਗਾਹ ਗੱਡ ਕੇ ਝਾਕੀ ਗਿਆ। ਅੱਖਾਂ ਨਾਲ ਉਹਨੂੰ ਨਾ ਕੁਝ ਦਿਸਦਾ ਸੀ ਤੇ ਨਾ ਸੁਣਦਾ ਸੀ – ਸੰਘਣੇ ਹਨੇਰੇ ਤੇ ਕਈ ਉੱਚੀਆਂ-ਨੀਵੀਆਂ ਆਵਾਜ਼ਾਂ ਦੇ ਅਸਪੱਸ਼ਟ ਰੌਲੇ ਨਾਲ ਸਿਰ ਭਾਰਾ ਭਾਰਾ ਮਹਿਸੂਸ ਹੋ ਰਿਹਾ ਸੀ। ਸਾਰਾ ਚਿਤ ਹੀ ਘਣ ਵਾਂਗ ਨਿੱਗਰ ਤੇ ਭਾਰਾ ਭਾਰ ਹੋਇਆ ਪਿਆ ਸੀ।

ਬੈਠਿਆਂ ਬੈਠਿਆਂ ਚਾਣਚਕ ਬੂਹੇ ਵਿਚੋਂ ਇਕ ਕਾਲੇ ਅਕਾਰ ਦਾ ਝਾਉਲਾ ਪਿਆ ਤੇ ਉਹ ਅੱਖਾਂ ਝਮਕ ਕੇ ਧਿਆਨ ਨਾਲ ਵੇਖਣ ਲਗ ਪਿਆ। ਪਰਛਾਵਾਂ ਹਿੱਲ ਕੇ ਅਗਾਂਹ ਹੋਇਆ ਤੇ ਉਹਦੇ ਮੰਜੇ ਵਲ ਵਧਿਆ; ਬੜੀ ਓਪਰੀ ਜਿਹੀ ਸ਼ਕਲ ਸੀ: ਨੰਗ-ਧੜੰਗਾ ਪਿੰਡਾ, ਤੇੜ ਵੱਡੀ ਸਾਰੀ ਢਿਲਕਵੀਂ ਕੱਛ ਤੇ ਸਿਰ ਉਤੇ ਇਕ ਗੰਦੜੀ ਜਿਹੀ ਧਰੀ। ਉਹ ਜਦੋਂ ਹੋਰ ਅਗਾਂਹ ਹੋਇਆ ਤਾਂ ਬਿਸ਼ਨੇ ਨੇ ਗਹੁ ਨਾਲ ਉਹਦੇ ਵਲ ਵੇਖਿਆ।

"ਕਿਹੜੈ ਬਈ?" ਖੰਘੂਰਾ ਮਾਰ ਕੇ ਸੁਰਤ-ਸਿਰ ਹੁੰਦਿਆਂ ਉਹਨੇ ਪੁੱਛਿਆ।

"ਮੈਂ......ਮੈਂ ਤਾਇਆ, ਮਾ-ਘੀ!"

"ਅੱਛਾ!" ਬਿਸ਼ਨਾ ਗੰਭੀਰ ਹੋ ਗਿਆ, "ਤੂੰ ਐਸ ਵੇਲੇ ਕਿਧਰੋਂ?"

"ਆ-ਪਾਂ, ਆਪ ਕੇ ਵਾਸਤੇ......ਟਿੱਫਨ ਲਿ-ਆਏ ਆਂ ਤਾਇਆ......"

ਰੋਟੀਆਂ ਵਾਲਾ ਪੋਣਾ ਸਿਰੋਂ ਲਾਹ ਕੇ ਮੰਜੀ ਉਤੇ ਧਰਦਿਆਂ ਮਾਘੀ ਪੈਂਦ ਉਤੇ ਬਹਿੰਦਿਆਂ ਥਿੜਕਵੀਂ ਅਵਾਜ਼ ਨਾਲ ਬੋਲਿਆ, "ਸੱਚ ਤਾਇਆ ਜੀ, ਅੱਜ ਤਾਂ ਬੜਾ ਰੋਣ ਪੈ ਰਿਹਾ ਹੈ......। ਮੌਸਮ ਬੈਰੀ ਲਿਪਲੀ ਹੈ......ਬੜਾ......"

ਬਿਸ਼ਨੇ ਨੇ ਅੱਖਾਂ ਸੁੰਗੜਾ ਕੇ, ਕੁਝ ਮੁਸਕਰਾਂਦਿਆਂ ਮਾਘੀ ਦੇ ਮੂੰਹ ਵਲ ਹੋਰ ਗਹੁ ਨਾਲ ਵੇਖਿਆ, ਉਹਦੀਆਂ ਸ਼ਰਾਰਤੀ ਅੱਖਾਂ ਚੰਗਿਆੜਿਆਂ ਵਾਂਗ ਦਗਦੀਆਂ ਲਗੀਆਂ, ਪਰ ਦੀਵੇ ਦਾ ਚਾਨਣ ਪਿਛੇ ਹੋਣ ਕਰਕੇ, ਸਾਰਾ ਮੁਹਾਂਦਰਾ ਨਾ ਦਿੱਸਿਆ।

"ਪਹਿਲਾਂ ਆਹ ਦੀਵਾ ਐਸ ਕੰਧ ਵਾਲੀ ਫੱਟੀ ਤੇ ਰੱਖ।" ਬਿਸ਼ਨੇ ਨੇ ਕਿਹਾ।

ਮਾਘੀ ਮੋਢੇ ਛੰਡਦਿਆਂ, ਬੁੱਲ੍ਹ ਉਟੇਰ ਕੇ ਉਠਿਆ ਤੇ ਦੀਵਾ ਆਪਣੇ ਸੱਜੇ ਹੱਥ, ਲੱਗੀ ਫੱਟੀ ਉਤੇ ਰਖ ਕੇ ਮੁੜ ਓਥੇ ਹੀ ਆ ਬੈਠਾ। ਹੁਣ ਉਹਦੇ ਮੂੰਹ ਉਤੇ ਚੰਗੀ ਤਰ੍ਹਾਂ ਚਾਨਣ ਪੈ ਰਿਹਾ ਸੀ। ਬਿਸ਼ਨੇ ਨੇ ਉਹਦੇ ਨਕਸ਼ਾਂ ਨੂੰ ਨਿਰਖਿਆ। ਪਤਲੇ ਲੰਮੇ ਚਿਹਰੇ ਤੇ ਤਿੱਖੇ ਨਕਸ਼ਾਂ ਉਤੇ ਚੰਚਲਤਾ ਦੀ ਪਾਣ ਚੜ੍ਹੀ ਹੋਈ ਸੀ। ਹੇਠਲਾ ਬੁੱਲ੍ਹ ਘੁਟ ਕੇ ਉਹਨੇ ਦੰਦਾਂ ਵਿਚ ਦੱਬਿਆ ਹੋਇਆ ਸੀ ਤੇ ਅੱਖਾਂ ਹੌਲ਼ੇ-

ਡੇਰੂ ਮਟਕਾਂਦਿਆਂ ਬਿਸ਼ਨੇ ਦੀਆਂ ਅੱਖਾਂ ਵਿਚ ਸਿੱਧਾ, ਬਿਨਾਂ ਭੋਰਾ ਵੀ ਸੰਗ-ਸੰਗਾ ਤੋਂ ਝਾਕਦਿਆਂ, ਅਡੋਲ ਬੈਠਾ ਸੀ। ਤੇ ਬਿਸ਼ਨਾ ਵੀ ਕਿੰਨਾ ਚਿਰ ਬੁਲ੍ਹਾਂ ਉੱਤੇ ਪਲਾਤੀ ਜਿਹੀ ਮੁਸਕਾਨ ਖਿਲਾਰੀਂ ਸਿਰ ਤੋਂ ਪੈਰਾਂ ਤਾਈਂ ਉਹਨੂੰ ਵਿੰਹਦਾ ਰਿਹਾ। ਮਾਘੀ ਦਾ ਛੀਟਕਾ ਸਰੀਰ ਤੇ ਟਪੂੰ-ਟਪੂੰ ਕਰਦੇ ਅੰਗਾਂ ਨੂੰ ਵਿੰਹਦਿਆ ਉਹਨੂੰ ਆਪਣੀਆਂ ਅੱਖਾਂ ਵਿਚ ਇਕ ਠੰਡ ਜਿਹੀ ਉਤਰਦੀ ਜਾਪੀ।

"ਤਾਇਆ......ਤਾਊ ਜੀ!" ਮਾਘੀ ਅਗਾਂਹ ਝੁਕਦਿਆਂ, ਬੜੀ ਭੇਦ-ਭਰੀ, ਮਧਮ ਅਵਾਜ਼ ਵਿਚ ਬੋਲਿਆ, "ਜੇ ਹੈ ਸਲਾਹ ਤੋਂ......ਆਜ ਤੋ ਸ਼ਰਤੀ ਕੋ ਮੁਸਮ ਹੈ—ਠਾਂਡ ਹੈ...!" ਬੁੱਲ੍ਹਾਂ ਨਾਲੋਂ ਮਾਘੀ ਦੀਆਂ ਉਂਗਲਾਂ ਅੱਖਾਂ ਤੇ ਚਿਹਰੇ ਦੇ ਨਕਸ਼ ਵਧੇਰੇ ਗੱਲਾਂ ਕਰਦੇ ਦਿਸਦੇ ਸਨ। ਬਿਸ਼ਨੇ ਨੇ ਅੱਖਾਂ ਉਤੇ ਜ਼ੋਰ ਪਾਂਦਿਆਂ ਉਹਦੇ ਚਿਹਰੇ ਉਤੋਂ, ਉਹਦੀ ਗੱਲ ਦਾ ਮਤਲਬ ਸਮਝਣ ਦਾ ਯਤਨ ਕੀਤਾ, ਪਰ ਮਾਘੀ ਉਹਦੇ ਤੇਰ ਵੇਖ ਕੇ ਬਿਸ਼ਨੇ ਦੇ ਮੂੰਹ ਕੋਲ ਹੱਥ ਕਰਕੇ ਚੁਟਕੀ ਵਜਾਉਂਦਿਆਂ ਬੋਲਿਆ, "ਐਨਾ ਚਿਰ ਲਾਉਂ, ਐਨਾ ਚਿਰ!......ਹੁਣ ਕਦ ਲਿਆਉਨੈ......ਛੂਹ-ਮੰਦਰ ਮਾਰ ਕੇ, ਹੁਕਮ ਕਰੋ ਸਈ...!"

ਪਰ ਬਿਸ਼ਨਾ ਅਜੇ ਵੀ ਮਾਘੀ ਦੇ ਚਿਹਰੇ ਵਲ ਓਵੇਂ ਹੈਰਾਨੀ ਨਾਲ ਵੇਖ ਰਿਹਾ ਸੀ ਜਿਵੇਂ ਉਹਦੀ ਪਸ਼ਤੋ ਦੀ ਉਹਨੂੰ ਉੱਕਾ ਸਮਝ ਨਾ ਪਈ ਹੋਵੇ।

"ਤੁਮ ਸਮਝਿਆ ਨਹੀਂ ਤਾਊ?" ਮਾਘੀ ਨੇ ਆਪਣਾ ਮੂਹ ਉਹਦੇ ਮੂੰਹ ਦੇ ਹੋਰ ਨੇੜੇ ਕਰਕੇ ਆਖਿਆ, "ਮੇਰਾ ਮਤਲਬ ਹੈ ਰੇਣ ਪੈ ਰਹੀ ਹੈ...ਬਾਰਸ ਹੋ ਰਹੀ ਹੈ...ਠੰਡ ਹੈ, ਹਵਾ ਚਲਤੀ ਹੈ...ਕੋਈ—ਕੋਈ-ਕੋਈ ਦੁਆਈ-ਬੂਟੀ ਹੋ ਜੇ...! ਇਬ ਤੋ ਸਮਝੇ ਤਾਇਆ ਸਾਹਬ, ਕਿ ਨਹੀਂ?"

ਬਿਸ਼ਨਾ ਪਹਿਲਾਂ ਮੁਸਕਰਾਇਆ, ਫੇਰ ਬੇਅਵਾਜ਼ ਹੱਸਣ ਲਗ ਪਿਆ। ਬਿਸ਼ਨੇ ਦੇ ਨੱਕ ਵਿਚੋਂ ਛਣ ਕੇ ਆਉਂਦੀ ਹਾਸੇ ਦੀ ਅਵਾਜ਼ ਮਾਘੀ ਨੂੰ ਓਪਰੀ ਜਿਹੀ ਲਗੀ ਤੇ ਉਹ ਰਤਾ ਘੂਰ ਕੇ ਝਾਕਿਆ। ਫੇਰ ਨਾਲ ਦੀ ਨਾਲ ਅੱਖਾਂ ਵਿਚ ਓਹੋ ਪਹਿਲਾਂ ਵਾਲੀ ਸ਼ਰਾਰਤ ਭਰ ਕੇ ਬੋਲਿਆ, "ਕਿਉਂ ਪੈਂਦੀ ਐ ਗੁੱਲੀ ਦਣ?

ਬਿਸ਼ਨੇ ਨੇ ਜਿਵੇਂ ਮਾਘੀ ਨੂੰ ਅੱਜ ਪਹਿਲੀ ਵਾਰੀ ਹੀ ਪਛਾਣਿਆ ਸੀ; ਅੱਜ ਤਾਈਂ ਉਹਨੂੰ, ਉਹ ਪੰਦਰਾਂ-ਸੋਲਾਂ ਵਰ੍ਹਿਆਂ ਦਾ ਅੱਲ੍ਹੜ, ਅਵਾਰਾਗਰਦ ਤੇ ਅਲੱਥ ਮੁੰਡਾ ਜਾਪਿਆ ਸੀ। ਨਾ ਬਿਸ਼ਨੇ ਨੇ ਉਹਨੂੰ ਕਦੇ ਆਪਣੇ ਨੇੜੇ ਹੋਣ ਦਿਤਾ ਸੀ, ਨਾ ਮਾਘੀ ਆਪ ਉਹਦੇ ਬਹੁਤਾ ਨੇੜੇ ਹੋਇਆ ਸੀ। ਪਰ ਹੁਣ ਇਕਦਮ ਬਿਸ਼ਨੇ ਨੂੰ ਇਉਂ ਲਗਣ ਲਗ ਪਿਆ ਜਿਵੇਂ ਮਾਘੀ ਵਿਚ ਅੱਧੀ ਰੂਹ ਉਹਦੀ ਆਪਣੀ ਸੀ।

"ਬੂਟੀ?" ਬਿਸ਼ਨੇ ਨੇ ਚਿਹਰੇ ਉਤੇ ਹੈਰਾਨੀ ਲਿਆ ਕੇ ਪੁੱਛਿਆ, "ਉਹ ਕੀ ਹੁੰਦੀ ਐ ਉਏ?"

"ਜਿਹਨੂੰ ਪੀ ਕੇ ਦਸੇ ਕਪਾਟ ਖੁਲ੍ਹ ਜਾਣ—ਉਹ ਬੂਟੀ ਹੁੰਦੀ ਐ ਤਾਇਆ; ਸ਼ਿਵਜੀ ਭਗਮਾਨ ਕੀ ਬੂਟੀ...!"

"ਲਿਆ ਤਾਂ ਸਹੀ ਉਏ, ਵੇਖੀਏ ਕੇਹੋ ਜੀ ਹੁੰਦੀ ਐ?"

"ਲਿਆਮਾ?" ਟਪੂਸੀ ਮਾਰ ਕੇ ਮੰਜੇ ਤੋਂ ਉਛਦਿਆਂ ਮਾਘੀ ਨੇ ਕਿਹਾ ਤੇ ਫੇਰ ਕੋਡਾ ਹੋ ਕੇ ਦੂਹਰਾ ਹੁੰਦਿਆਂ ਇਕ ਵਾਰ ਹੋਰ ਬਿਸ਼ਨੇ ਦੇ ਮੂੰਹ ਕੋਲ ਮੂੰਹ ਕਰਕੇ ਹੋਲੀ ਦੇਣੇ ਬੋਲਿਆ, "ਸੱਚੀਂ ਲਿਆਮਾ ਤਾਇਆ?"

"ਲਿਆ...!" ਬਿਸ਼ਨੇ ਨੇ ਸਿਰ ਹਿਲਾ ਕੇ ਗੰਭੀਰ ਅਵਾਜ਼ ਵਿਚ, ਉਹਦੀਆਂ ਅੱਖਾਂ ਵਿਚ ਸਿੱਧਾ ਤਕਦਿਆਂ ਕਿਹਾ।

ਮਾਘੀ ਮੇਮਣੇ ਵਾਂਗ, ਟਿਕੋ ਥਬੂਕਾ ਮਾਰ ਕੇ ਬੂਹਿਓਂ ਬਾਹਰ ਹੋ ਗਿਆ। ਤੇ ਬਿਸ਼ਨੇ ਨੇ ਅਜੇ ਇਸ ਬਾਰੇ ਕੁਝ ਸੋਚਿਆ ਵੀ ਨਹੀਂ ਸੀ ਜਦੋਂ ਮਾਘੀ ਕੱਛ ਦੇ ਪੌਂਚੇ ਵਿਚ ਬੋਤਲ ਲਕੋਈ ਅੰਦਰ ਆ ਵੜਿਆ।

"ਦੇਖ ਤਾਇਆ!" ਪੈਂਦਾਂ ਉਤੇ ਓਵੇਂ ਆ ਕੇ ਬਹਿੰਦਿਆਂ, ਲਾਲ ਰੰਗ ਦੀ ਬੋਤਲ ਬਿਸ਼ਨੇ ਦੇ ਕੋਲ ਕਰਕੇ ਝਟਕਦਿਆਂ ਉਹਨੇ ਖਿੜੀ ਅਵਾਜ਼ ਵਿਚ ਕਿਹਾ, "ਤੂੰ ਜਰਾ ਤਰਾਰਾ ਦੇਖ ਇਸਕਾ!... ਐਸੀ ਤਮਾਚਾ ਚੀਜ ਐ, ਬਸ ਕੀ ਪੁੱਛਦੇਂ!"

ਬਿਸ਼ਨੇ ਨੇ ਬੋਤਲ ਮਾਘੀ ਦੇ ਹਥੋਂ ਫੜ ਲਈ ਤੇ ਉਹਦੇ ਵਲ ਇਉਂ ਤਾੜ ਕੇ ਵੇਖਿਆ ਕਿ ਮਾਘੀ ਨੇ ਤ੍ਰਭਕ ਕੇ ਪਹਿਲਾਂ ਮੂੰਹ ਪਿਛਾਂਹ ਭੁਆ ਲਿਆ ਤੇ ਫੇਰ ਛੇਤੀ ਦੇਣੇ ਉਠ ਕੇ ਕੋਠੜੀ ਦਾ ਬੂਹਾ ਅੜਾਣ ਲਗ ਪਿਆ। ਪਰ ਜਦੋਂ ਉਹ ਬੂਹੇ ਦਾ ਕੁੰਡਾ ਲਾ ਕੇ ਮੁੜ ਬਿਸ਼ਨੇ ਦੇ ਸਾਹਮਣੇ ਆ ਕੇ ਬੈਠਾ ਤਾਂ ਬਿਸ਼ਨੇ ਦੀਆਂ ਅੱਖਾਂ ਵਿਚ ਮੁਲਾਇਮੀ ਹੋਠਾਂ ਉਤੇ ਮੁਸਕਾਨ ਵੇਖ ਕੇ ਫੇਰ ਆਪਣੇ ਚੰਚਲ ਰਉਂ ਵਿਚ ਆਉਂਦਿਆਂ ਬੋਲਿਆ, "ਕਿਉਂ ਤਾਇਆ ਹੈ ਪਹਿਲੇ ਤੋੜ ਦੀ ਕਿ ਨਹੀਂ?—ਚੀਜ ਐ, ਇਕ ਚੀਜ਼!"

"ਹੂੰ!" ਬਿਸ਼ਨੇ ਨੇ ਮੀਚੇ ਮੂੰਹ ਨਾਲ ਹੁੰਗਾਰਾ ਭਰਿਆ ਤੇ ਬੋਤਲ ਪਾਵੇ ਨਾਲ ਲਾ ਕੇ ਰੱਖਦਿਆਂ ਬੋਲਿਆ, "ਪਰ ਬੱਚੂ ਜੇ ਹੁਣੇ ਤੋਂ ਤੇਰਾ ਇਹ ਹਾਲ ਹੋਇਆ ਤਾਂ ਉਮਰ ਕਿਵੇਂ ਨੰਘੂ?"

ਮਾਘੀ ਨੇ ਤਾੜ ਲਿਆ ਸੀ ਕਿ ਬਿਸ਼ਨੇ ਦੇ ਬੋਲ ਵਿਚ ਉਹ ਸਖਤੀ ਹੁਣ ਨਹੀਂ ਸੀ, ਜਿਸ ਕੋਲੋਂ ਕੁਝ ਡਰਦਾ ਤੇ ਕੁਝ ਘਿਰਨਾ ਕਰਦਾ ਮਾਘੀ, ਅਜ ਤਾਈਂ ਬਿਸ਼ਨੇ ਤੋਂ ਦੂਰ ਰਹਿੰਦਾ ਰਿਹਾ ਸੀ।

"ਉਮਰ?......ਉਮਰ ਆਪਾਂ ਤਾਇਆ ਕਰਨੀ ਕੀ ਐ...ਹੋ-ਅ! ਐਸ਼ ਕਰੋ! ਬੁੱਲੇ ਲੁੱਟੋ ਤੇ ਮਰ-ਜੋ! ਜੇ ਚਾਰ ਦਿਨ ਅਗੋਂ ਪਿਛੋਂ ਵੀ ਆਦਮੀ ਮਰ ਜਾਏ ਤਾਂ ਭਲਾ ਕੋਈ ਫ਼ਰਕ ਪੜਤੇ ਤਾਇਆ ਸਾਹਬ?" ਉਹ ਨਿਝੱਕ ਹੋ ਕੇ ਬੋਲਿਆ।

ਬਿਸ਼ਨੇ ਦੀਆਂ ਜਿਵੇਂ ਅੱਖਾਂ ਖੜ੍ਹੇ ਗਈਆਂ। ਉਹਨੂੰ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਕਿ ਇਹ ਅਲੱਥ ਮੁੰਡਾ ਅਜਿਹੀਆਂ ਅਜੀਬ ਗੱਲਾਂ ਵੀ ਕਰ ਸਕਦਾ ਸੀ। ਖ਼ਾਸਾ ਚਿਰ ਉਹਨੂੰ ਹੋਰ ਕੋਈ ਗੱਲ ਨਾ ਅਹੁੜੀ।

"ਸਾਡੇ ਇਕ ਮਾਸਟਰ ਐ ਤਾਇਆ ਜੀ", ਮਾਘੀ ਨੇ ਹੱਥ ਦੀ ਸੈਣਤ ਜਿਹੀ ਕਰਦਿਆਂ ਕਿਹਾ, "ਉਹ ਬਹੁਤ ਈ ਮਹਾਨ ਬੰਦਾ ਹੈ। ਉਹ ਕਹਿੰਦੇ ਬਸ ਕੁਸ਼ ਕਰੋ—ਚਾਹੇ ਕੁਸ਼ ਕਰੋ...!" ਇਹਦੇ ਨਾਲ ਹੀ ਉਹਨੇ ਚੀਚੀ ਦੇ ਫੁੱਲ ਉਤੇ ਅਗੂਠਾ ਰੱਖਿਆ ਤੇ ਗਿਣ ਗਿਣ ਕੇ ਬੋਲਦਾ ਗਿਆ: "ਚਾਹੇ ਕੰਮ ਕਰੋ, ਚਾਹੇ ਸ਼ਰਾਰਤ ਕਰੋ; ਚਾਹੇ ਪੜ੍ਹੋ; ਚਾਹੇ ਖੇਡੋ; ਚਾਹੇ ਰਾਜੇ—ਮਤਲਬ, ਅਜ ਕਲ੍ਹ ਦੇ ਵਜ਼ੀਰ-ਵਜ਼ੂਰ ਬਣੋਂ, ਚਾਹੇ 'ਚੜ੍ਹ-ਫਾਂਸੀ', ਬਣ ਕੇ ਕਿਸੇ ਦੀ ਅੜਦਲ ਕਰੋ; ਚਾਹੇ ਵੱਡੇ ਵੱਡੇ ਲਸ਼ਕਰ ਦੇਓ ਤੇ ਚਾਹੇ ਕੁੱਤੇ ਖੱਸੀ ਕਰੋ — ਪਰ ਜੋ ਕਰੋ ਜਨਾਬ ਓਹਦੀਆਂ ਧੂੜਾਂ ਪੱਟ ਦਿਓ...! ਐਂ ਕੇਰਾਂ ਪੈੜਾਂ ਕਰਦੇ ਤੁਰੇ ਜਾਓ; ਮਗਰੋਂ ਪਈ ਦੁਨੀਆਂ ਥੋਡਾ ਨਾਂ ਲੈ ਲੈ ਕਰ ਜਾਦ ਕਰਦੀ ਫਿਰੇ...! ਹਾਂ...ਫਿਰ ਬਾਤ ਹੈ!"

ਬਿੰਦ ਕੁ ਮਾਘੀ ਰੁਕਿਆ ਤੇ ਬਿਸ਼ਨੇ ਦੇ ਚਿਹਰੇ ਦੀ ਹੈਰਾਨੀ ਤਾੜ ਕੇ ਫੇਰ ਬੋਲਣ ਲਗ ਪਿਆ। "ਮਹਾਰਾ ਉਹ ਮਾਸ਼ਟਰ ਕਹਿਤਾ ਹੈ ਤਾਊ ਕਿ, ਨੱਬੇ ਸੌ ਸਾਲ ਥੋੜੇ ਮੂੰਹ ਸੇ ਦਲੀਆ ਖਾ ਖਾ ਕੇ, ਢਿਲਕਿਆ ਮਾਸ ਐਸੇ ਮਾਫ਼ਕ ਲਮਕਾ ਲਮਕਾ ਕੇ, ਅੰਧੇ-ਲੂਲੇ ਹੋ ਹੋ ਕੇ ਗੋਡੇ ਘਸੀਟਦੇ ਹੂਏ ਮਰਨ ਕਾ ਕੀ ਫੈਦਾ ਜਨਾਬ? — 'ਬਸ', ਉਹ ਕਹਿਤੇ 'ਐਸ ਦੀਵੇ ਕੀ ਮਾਫਕ ਮੱਚੋ। ਚਾਨਣ ਦੀ ਚਾਨਣ ਕਰੋ!' 'ਸੁਜਾਖੇ-ਅੰਨ੍ਹਿਆਂ' ਕੋ ਅੰਦਰ-ਬਾਹਰ ਕੀ ਚੀਜ਼-ਬਸਤ ਦਖਾਓ, ਔਰ ਬੁਝ ਜਾਓ...! ਕਿਆ ਲੋੜ ਹੈ ਥੱਲੇ ਕੇ ਮੈਲੇ ਤੇਲ ਤੇ ਸੜੀ ਬੱਤੀ ਮੇਂ ਤੜਕੇ ਤਕ ਤੇ ਦਿਨ ਕੋ ਬੀ ਧੁਖੀ ਜਾਣੇ ਕੀ? — ਕੋਈ ਲੋੜ ਨਹੀਂ...! ਐਸੇ ਮਤ ਧੁਖੋ; ਮੱਚੋ! ਲਾਟਾਂ ਸੇ ਮੱਚੋ — ਗੈਸ ਕੀ ਮਾਫ਼ਕ 'ਸ਼ੂੰ-ਸ਼ੂੰ' ਕਰਕੇ......!"

ਤੇ 'ਸ਼ੂੰ-ਸ਼ੂੰ' ਕਰਦਿਆਂ ਮਾਘੀ ਨੇ ਜਦੋਂ ਆਪਣੇ ਬੁੱਲ੍ਹ ਠੂਠੀ ਦੇ ਕਿਨਾਰਿਆਂ ਵਾਂਗ ਬਾਹਰ ਨੂੰ ਕਢੇ ਤਾਂ ਹੁਣ ਤਾਈਂ ਉਹਦੀਆਂ ਗੱਲਾਂ ਨਾਲ ਕੀਲੇ ਬਿਸ਼ਨੇ ਦੇ ਗੰਭੀਰ, ਤਣੇ ਚਿਹਰੇ ਉਤੇ ਆਪੇ ਹੀ ਮੁਸਕਾਣ ਆ ਗਈ। ਮਾਘੀ, ਸੱਚੀਂ ਉਹਨੂੰ ਕੋਈ 'ਸ਼ੈ' ਜਾਪਣ ਲਗ ਪਿਆ। ਜਿਹੜੀਆਂ ਗੱਲਾਂ ਉਹ ਨਿਰੀ ਸ਼ਰਾਰਤ ਨਾਲ, ਸੁਤੇ-ਸੁਭਾ ਹੱਥਾਂ ਦੀਆਂ ਅਜੀਬ ਸੈਣਤਾਂ ਨਾਲ ਅੱਖਾਂ ਮਟਕਾ ਮਟਕਾ ਕਰ ਰਿਹਾ ਸੀ, ਉਹ ਬਿਸ਼ਨੇ ਨੇ ਅਜ ਤਾਈਂ ਬੂਟੇ ਪਟਵਾ-ਮੰਡਲੋਟੇ ਤੇ ਰਾਮੇ ਅਕਾਲੀ ਵਰਗੇ ਸਿਆਣੇ ਬੰਦਿਆਂ ਦੇ ਮੂੰਹੋਂ ਵੀ ਨਹੀਂ ਸਨ ਸੁਣੀਆਂ; ਨਾ ਅੱਜ ਤਾਈਂ ਉਹਨੂੰ ਅਜਿਹੀ ਕੋਈ ਗੱਲ ਆਪ ਅਹੁੜੀ ਸੀ। ਉਹ ਸੁਣ ਸੁਣ ਕੇ ਸੁੰਨ ਹੋਈ ਜਾਂਦਾ ਸੀ; ਤੇ ਮਾਘੀ ਨੇ ਸ਼ਾਇਦ ਘੁਟ ਪੀਤੀ ਹੋਈ ਵੀ ਸੀ, ਜੋ ਉਹਨੂੰ ਪਲੋਪਲੀ ਚੜ੍ਹਦੀ ਆਉਂਦੀ ਸੀ, ਜਾਂ ਖ਼ਬਰੇ ਗੱਲਾਂ ਦਾ ਹੀ ਨਸ਼ਾ ਹੋਈ ਜਾਂਦਾ ਸੀ ਕਿ ਪਹਿਲੀ ਨਾਲੋਂ ਦੂਜੀ ਗੱਲ ਵਧੇਰੇ ਜ਼ੋਰ ਨਾਲ ਬੋਲਦਾ ਸੀ।

"ਇਹ ਕਿਹੜਾ ਮਾਸਟਰ ਐ ਓਹੋ ਜਿਆ ਜੀਹਨੇ ਤੈਨੂੰ ਇਹ ਕੋਕ ਛਾਵਤਰ ਪੜ੍ਹਾਵਿਐ ?" ਬਿਸ਼ਨੇ ਨੇ ਹੈਰਾਨੀ ਨਾਲ ਪੁੱਛਿਆ।

"ਉਹ !" ਮਾਘੀ ਮੰਜੇ ਤੋਂ ਰਤਾ ਬੁੜ੍ਹਕ ਕੇ ਬੋਲਿਆ, "ਉਹ ਤਾਇਆ ਜੀ ਬੜੀ ਚੀਜ ਹੈ; ਮਹਾਨ ਬੰਦਾ ਹੈ !"

"ਉਹ ਥੋਨੂੰ ਇਹਨਾਂ ਗੱਲਾਂ ਦੀ ਈ ਪੜ੍ਹਾਈ ਕਰਾਉਂਦੈ ?"

"ਪੜ੍ਹਾਈ ਤਾਂ ਉਹ ਐਸੀ-ਬੈਸੀ ਕਰਾਉਂਦੈ, ਊਂ ਐਸੀਆਂ-ਜੈਸੀਆਂ ਗੱਲਾਂ ਸਾਨੂੰ ਬਹੁਤ ਦਸਦੈ — ਸਾਨੂੰ ਬੀ ਸੁਆਦ ਆਉਂਦੈ ਸੁਣ ਕੇ, ਜਿਮੇਂ ਤੈਨੂੰ ਆਵਿਐ — ਆਇਐ ਕਿ ਨਹੀਂ ?"

ਬਿਸ਼ਨਾ ਬੋਲਿਆ ਕੁਝ ਨਾ; ਨੀਵੀਂ ਪਾ ਲਈ। ਸੁਆਦ ਉਹਨੂੰ ਸਚੀਂ ਹੀ ਆਇਆ ਸੀ, ਪਰ ਮਾਘੀ ਵਰਗੇ 'ਛੋਹਰ' ਨੂੰ ਦਸਣਾ ਉਹਨੂੰ ਆਪਣੀ ਹੇਠੀ ਲਗੀ।

"ਹੁਣ ਫੇਰ, ਤਾਊ ਭੋਗ ਲੱਗੇ !" ਅੱਖਾਂ ਵਿਚ ਨਿਰੀ ਸ਼ਰਾਰਤ ਭਰ ਕੇ, ਹੱਥ ਜੋੜਦਿਆਂ ਤੇ ਝੁਕ ਕੇ ਬਿਸ਼ਨੇ ਦੇ ਗੋਡਿਆਂ ਨਾਲ ਮੱਥਾ ਜੋੜਦਿਆਂ ਮਾਘੀ ਬੋਲਿਆ, "ਸੀਤ ਪ੍ਰਸਾਦ ਆਪ ਕੀ ਸਾਧ-ਸੰਗਤ ਕੋ ਮਿਲੇ......ਬੂਟੀ ਕਾ ਨਾਮ, ਚੜ੍ਹਦੀ ਕਲਾ, ਹੇ ਬੂਟੀ ਮਾਤਾ ਤੇਰੇ ਨਾਮ, ਸਰਬਤ ਕਾ ਭਲਾ......!"

ਇਹ ਕਹਿੰਦਿਆਂ ਮਾਘੀ ਨੇ ਪਾਵੇ ਕੋਲ ਪਈ ਬੋਤਲ ਚੁੱਕੀ ਤੇ ਇਕੋ ਗੇੜੇ ਨਾਲ ਉਹਦਾ ਢੱਕਣ ਖੋਲ੍ਹ ਦਿਤਾ। ਢਕਣ ਖੁਲ੍ਹਣ ਸਾਰ ਨਸ਼ੀਲੀ ਹਵਾੜ੍ਹ ਬਿਸ਼ਨੇ ਦੀਆਂ ਨਾਸਾਂ ਨੂੰ ਚੜ੍ਹੀ ਤੇ ਉਹਨੂੰ ਧੁੜਧੁੜੀ ਆ ਗਈ। ਪਰ ਮਾਘੀ ਨੇ ਬੋਤਲ ਨੱਕ ਦੇ ਕੋਲ ਕਰਕੇ ਸਾਰੇ ਜ਼ੋਰ ਦੀ ਸਾਹ ਖਿਚਿਆ ਤੇ ਅੱਖਾਂ ਮੀਚ ਕੇ ਜਦੋਂ 'ਆ-ਹਾ-ਹਾ-ਹਾ' ਕਰਦਿਆਂ ਮੂੰਹ ਛੱਤ ਵਲ ਚੁੱਕ ਕੇ, ਖੱਬਾ ਹੱਥ ਗਵੰਤਰੀਆਂ ਵਾਂਗ ਉਤਾਂਹ ਉਲਾਰਿਆ ਤਾਂ ਬਿਸ਼ਨੇ ਨੂੰ ਜਿਵੇਂ ਬਿਨ-ਪੀਤਿਆਂ ਹੀ ਨਸ਼ਾ ਚੜ੍ਹਨ ਲਗ ਪਿਆ। ਮਾਘੀ ਨੇ ਆਪਣੀ ਖਾਖੀ ਨਿਕਰ ਦੀ ਜੇਬ ਵਿਚੋਂ ਨਿੱਕੀ ਜਿਹੀ ਗਲਾਸੀ ਕਢ ਕੇ ਭਰ ਲਈ ਤੇ ਫੇਰ ਬਿਸ਼ਨੇ ਵਲ ਵਧਾਉਂਦਿਆ ਬੋਲਿਆ, "ਭੋਗ ਲਗੇ ਤਾਊ ਜੀ !"

ਬਿਸ਼ਨੇ ਨੇ ਪਹਿਲਾਂ ਗਲਾਸੀ ਵਲ ਤੇ ਫੇਰ ਮਾਘੀ ਦੇ ਮੂੰਹ ਵਲ ਵੇਖਿਆ ਤੇ ਮੁਸਕਰਾ ਕੇ ਗਲਾਸੀ ਫੜ ਲਈ। ਬਿਨਾਂ ਹੋਰ ਸੋਚਿਆਂ ਉਹ ਅੱਖਾਂ ਮੀਚ ਕੇ ਪੀ ਗਿਆ ਤੇ ਜਦੋਂ ਖ਼ਾਲੀ ਗਲਾਸੀ ਬੁੱਲ੍ਹਾਂ ਨਾਲੋਂ ਲਾਹੀ, ਤਾਂ ਮਾਘੀ ਨੇ 'ਪਾਣੀ ਪਾਣੀ' ਕਰਦਿਆ ਹੱਥ ਵਿਚ ਫੜੀ ਗੜਵੀ, ਭੱਜ ਕੇ ਤੌੜੇ ਵਿਚੋਂ ਭਰ ਲਿਆਂਦੀ ਤੇ ਪਾਣੀ ਗਲਾਸੀ ਵਿਚ ਪਾ ਦਿਤਾ। ਮਾਘੀ ਦਾ ਛੋਹ ਵੇਖ ਕੇ ਬਿਸ਼ਨੇ ਦੇ ਚਿਹਰੇ ਉਤੇ ਪਲਾਤਾ ਜਿਹਾ ਖ਼ੁਸ਼ੀ ਦਾ ਪ੍ਰਭਾਵ ਉਘੜਿਆ, ਪਰ ਸ਼ਰਾਬ ਦੀ ਕੁੜੱਤਣ ਵਿਚ ਗੁਆਚ ਗਿਆ। ਪਾਣੀ ਇਕੋ ਘੁਟ ਵਿਚ ਪੀ ਕੇ ਉਹਨੇ ਗਲਾਸੀ ਅਗਾਂਹ ਕਰ ਦਿਤੀ। ਗਲਾਸੀ ਫੜ ਕੇ ਮਾਘੀ ਨੇ ਇਕ ਮੰਤਰ ਜਿਹਾ ਪੜ੍ਹਦਿਆਂ ਮੂੰਹ ਤਾਈਂ ਫੇਰ ਭਰ ਲਿਆ। ਦੀਵੇ ਦੇ ਚਾਨਣੇ ਕਰਕੇ ਉਹਨੂੰ ਗਹੁ ਨਾਲ ਵੇਖਿਆ। ਉਹਦੀਆਂ ਅੱਖਾਂ ਇਕ ਵਾਰ ਚੰਗਿਆੜਿਆਂ ਵਾਂਗ ਲਿਸ਼ਕੀਆਂ ਤੇ ਪਤਲੀਆਂ, ਸੂਹੀਆਂ ਬੁੱਲੀਆਂ ਉਤੇ ਸਰੂਰ-ਭਿੱਜੀ ਸ਼ਰਾਰਤੀ ਮੁਸਕਾਨ ਖੇਡਣ ਲਗ ਪਈ। ਹੌਲੀ ਹੌਲੀ ਗਲਾਸੀ ਨੂੰ ਮੂੰਹ ਦੇ ਨੇੜੇ ਲਿਆਉਂਦਿਆਂ ਉਹਦੇ ਕਿਨਾਰੇ ਨੂੰ ਚੁੰਮ ਕੇ ਬਾਂਹ ਉਤਾਂਹ ਕਰਕੇ ਜਿਵੇਂ ਉਡਾਲਿਆ। ਫੇਰ ਅੱਖਾਂ ਮੀਚ ਕੇ ਜ਼ੋਰ ਨਾਲ ਲੰਮਾ ਸਾਹ ਇੰਜ ਖਿਚਿਆ ਜਿਵੇਂ ਗੁਲਾਬ ਦਾ ਫੁੱਲ ਸੁੰਘਦਾ ਹੋਵੇ ਤੇ ਦੋਂਹ ਘੁਟਾਂ ਵਿਚ ਹੀ ਸਾਰੀ ਗਲਾਸੀ ਅੰਦਰ ਸੁੱਟ ਗਿਆ।

'ਆ-ਹਾ-ਹਾ-ਹਾ !' ਕਹਿੰਦਿਆਂ ਇਕ ਵਾਰ ਉਹਨੇ ਫੇਰ ਅੱਖਾਂ ਮੀਚ ਕੇ ਖ਼ਾਲੀ ਗਲਾਸੀ ਹਵਾ ਵਿਚ ਉਲਾਰੀ ਤੇ ਦੂਜਾ ਹੱਥ ਨੰਗੀ ਹਿੱਕ ਉਤੇ ਧਰ ਕੇ ਬੋਲਿਆ, "ਆਪਕਾ ਸੀਤ ਪਰਸਾਦ ਛੱਕ ਕੇ ਤਾਇਆ ਜੀ ਸੁਰਗ ਦੇ ਝੂਟ ਆ-ਗੇ। ਬਸ ਦਸੋ ਦੁਆਰਾਂ ਦੇ ਕਪਾਟ ਈ ਖੁਲ੍ਹ-ਗ ਸਮਝੋ......ਤੇ ਅੰਦਰ ਹੁਣ ਜੋਤਾਂ ਜੱਗ ਰਹੀਐਂ — ਲਟ ਲਟ ਕਰਕੇ, ਐਨ ਦੀਵ ਕੀ ਮਾਫਕ।......"

ਬਿਸ਼ਨਾ ਕੁਝ ਤਾੜ ਕੇ ਉਹਦੇ ਵਲ ਝਾਕਣ ਲਗ ਪਿਆ। ਉਹਦ ਸਿਰ ਨੂੰ ਚੜ੍ਹਦੇ ਸ਼ਰਾਬ ਦੇ ਸਰੂਰ ਕਰਕੇ ਉਹਨੂੰ ਜਾਪਦਾ ਸੀ ਜਿਵੇਂ ਹੁਣ ਉਹ ਆਪਣੇ ਸਾਹਮਣੇ ਬੈਠੇ, ਆਪਣੇ ਏਸ ਸ਼ਰਾਬੀ ਭਤੀਜੇ ਬਾਰੇ ਸੋਚ ਸਕਦਾ ਸੀ; ਪਰ ਫੇਰ ਵੀ ਅਜੇ ਉਹਨੂੰ ਸਮਝ ਨਹੀਂ ਸੀ ਪੈਂਦੀ ਕਿ ਉਹਦੀਆਂ ਨਿੱਤ-ਦੇ ਸ਼ਰਾਬੀ ਤੇ ਵੈਲੀਆਂ ਵਰਗੀਆਂ ਇਹ ਹਰਕਤਾਂ ਉਹਨੂੰ ਭੈੜੀਆਂ ਲਗਦੀਆਂ ਸਨ ਜਾਂ ਨਹੀਂ ?

"ਤਾਇਆ ਇਕ ਪੇਗ ਹੋਰ, ਫੇਰ ਆਪਾਂ ਤੱਤੇ ਬਣ ਕੇ ਹੜੀਆਂ ਹੜੀਆਂ ਬਾਤਾਂ ਕਰਾਂਗੇ — ਅੰਗਰੇਜ਼ ਲੋਕਾਂ ਕੀ ਮਾਫਕ !" ਕਹਿੰਦਿਆਂ ਮਾਘੀ ਗਲਾਸੀ ਵਿਚ ਸ਼ਰਾਬ ਫੇਰ ਪਾਉਣ ਲਗ ਪਿਆ ਤੇ ਉਂਗਲ ਕੁ ਊਣੀ ਰਖ ਕੇ ਪਾਣੀ ਨਾਲ ਭਰਦਿਆਂ ਬਿਸ਼ਨੇ ਵਲ ਵਧਾਈ, "ਫੜ ! ਫੇਰ ਆਪ ਨੂੰ ਹਮ ਇਕ ਐਸੀ ਈ ਨਸ਼ੇਦਾਰ ਕਵਿਤਾ ਸੁਣਾਏਂਗੇ......"

ਬਿਸ਼ਨੇ ਨੂੰ ਅਜੇ ਵੀ ਉਹਨੇ ਸੋਚਣ ਦਾ ਜਿੰਨਾ ਵਕਤ ਨਹੀਂ ਸੀ ਦਿਤਾ। ਉਹਨੇ ਚੁੱਪ ਕਰਕੇ ਗਲਾਸੀ ਫੜੀ ਤੇ ਪੀ ਲਈ। ਪੀਣ ਸਾਰ ਉਹਨੂੰ ਜਾਪਿਆ, ਜਿਵੇਂ ਅਦਰ ਗਈ ਸਾਰੀ ਸ਼ਰਾਬ ਦਾ ਧੂੰਆਂ-ਜਿਹਾ ਬਣ ਕੇ ਸਿਰ ਨੂੰ ਚੜ੍ਹਨ ਲਗ ਪਿਆ ਹੋਵੇ।

"ਆਹਾ !" ਮਾਘੀ ਨੇ ਬਿਸ਼ਨੇ ਤੋਂ ਗਲਾਸੀ ਫੜ ਕੇ ਆਪਣੇ ਲਈ ਭਰਦਿਆਂ ਕਿਹਾ, "ਹੁਣ ਆਪਾਂ ਤਾਇਆ ਪਿਆਲੇ ਦੀ ਸੀਰੀ ਹੋ-ਗੇ; ਅਬ ਆਪਾਂ ਬੁੱਕਲਾਂ ਖੋਲ੍ਹੀਏ ਤੋ ਬਾਤ ਠੀਕ ਐ — ਹੈ ਨਾ ?"

ਬੋਲਦਿਆਂ ਬੋਲਦਿਆਂ ਈ ਮਾਘੀ ਨੇ ਦੂਜੀ ਗਲਾਸੀ ਪੀ ਲਈ ਤੇ ਬੋਤਲ ਦੇ ਗਲ ਉਤੇ ਮੁਧੀ ਮਾਰ ਦਿਤੀ। ਫੇਰ ਬੋਤਲ ਭੁੰਜੇ ਰੱਖਦਿਆਂ, ਪੰਥੀ ਮਾਰ ਕੇ, ਮੰਜੇ ਉਤੇ ਜੱਚ ਕੇ ਬਹਿ ਗਿਆ। ਦੋਹਾਂ ਗੋਡਿਆਂ ਉਤੇ ਹੱਥ ਇਉਂ ਰੱਖ ਲਏ ਜਿਵੇਂ ਕੋਈ ਸਾਧੂ-ਮਹਾਤਮਾ ਸਮਾਧੀ ਲਾਉਣ ਲਗਿਆ ਹੋਵੇ।

"ਪਹਿਲਾਂ ਕਵਿਤਾ ਸੁਣੇਂਗਾ ਤਾਇਆ ?" ਨਸ਼ੇ ਨਾਲ ਕੁਝ ਗਹਿਰੀਆਂ ਹੋਈਆਂ ਅੱਖਾਂ ਝਮਕਦਿਆਂ ਮਾਘੀ ਨੇ ਆਖਿਆ ਤੇ ਆਪੇ ਹੀ ਬੋਲਿਆ, "ਚਲੋ ਪਹਿਲਾਂ ਕਵਿਤਾ ਈ ਹੋ ਜਾਏ !...ਸੁਣੋਂ ਜੀ ! ਕਹਿੰਦੇ :—

"ਐਧਰ ਢਾਬ ਤੇ ਓਧਰ ਟੋਭਾ,
ਖੜ੍ਹਾ ਵਿਚਾਲੇ ਲੰਝਾ ਸੋਭਾ।
ਐਧਰ ਬੇਰੀ ਓਧਰ ਟਾਹਲੀ,
ਖੜ੍ਹੀ ਵਿਚਾਲੇ ਝਿਉਰੀ ਮਾਹਲੀ।
ਐਧਰੋਂ ਸੋਭਾ ਸੈਨਤ ਮਾਰੇ,
ਮਾਹਲੀ ਓਧਰੋਂ ਬੰਦੇ ਚਾਰੇ।
: ਛੰਦ ਕੁੰਡਲੀਆ '—
ਬੰਦੇ ਚਾਰੇ ਓਧਰੋਂ ਮਾਹਲੀ,
ਅੱਖ ਲਿਸ਼ਕਾਏ ਫੌਲੇ ਵਾਲੀ।
ਲੰਡੇ ਨੂੰ ਅਜ ਮਿਲਿਆ ਖੁੰਡਾ,
ਅਗਲੇ ਵਰ੍ਹੇ ਜੰਮ ਪਿਆ ਮੁੰਡਾ...!

"ਕਿਉਂ ਤਾਓ ਕੈਸੀ ਲੱਗੀ ? — ਇਹ ਤਾਜੀ ਈ ਹੈ ਤੱਤੀ-ਤੱਤੀ, ਹੁਣੇ ਈ ਘੜੀ ਸੀ — ਬੇਹੀਆਂ ਤਾਂ ਬਹੁਤ ਯਾਦ ਐ, ਪਰ ਉਹ ਸੁਆਦ ਨੀਂ ਲਗਣੀਆਂ — ਪੰਜ-ਰਤਨੀ ਨਾਲ ਤਾਂ ਕੋਈ ਕਰਾਰੀ ਚੀਜ ਈ ਚੰਗੀ ਲਗਦੀ ਐ — ਹੈ ਕਿ ਨਹੀਂ ਤਾਇਆ ਜੀ ?"

ਬਿਸ਼ਨਾ ਮੂੰਹ ਵਿਚ ਹੀ, ਹੱਸਿਆ, "ਤੈਨੂੰ ਐਨੀਆਂ ਗੱਲਾਂ ਔੜਦੀਆਂ ਕਿਥੋਂ ਐਂ ਉਏ, ਮੀਣਿਆਂ ਜਿਆ ?"

"ਏਧਰ ਆਪਣਾ ਇਕ ਦਮਾਗ ਹੁੰਦੈ ਤਾਇਆ", ਆਪਣੀ ਪੁੜਪੁੜੀ ਉਤੇ ਠੋਲਾ ਮਾਰਦਿਆਂ ਮਾਘੀ ਨੇ ਸੰਘ ਘੁੱਟ ਕੇ ਕਿਹਾ, "ਜਿਸ ਨੂੰ ਆਪਾਂ 'ਡਮਾਕ' ਆਖਦੇ ਹਾਂ — "ਇਹ ਬੜੀ ਸ਼ੈ ਹੈ ! ਸਾਡੇ ਮਾਸ਼ਟਰ ਜੀ ਕਹਿੰਦੇ ਐ ਏਸ ਵਿਚੋਂ ਹਰ ਬਾਤ ਔੜ ਸਕਦੀ ਐ — ਹੁਣ ਹੋਰ ਦੱਸ ਕੀ ਕੱਢ ਕੇ ਵਖਾਮਾ ਜੋ ਆਖੇਂ ਸੋ ਕੱਢਾਂ ਇਸ 'ਚੋਂ — ਹੈਂ ਜੀ ?"

ਬਿਸ਼ਨੇ ਨੂੰ ਕੁਝ ਕੁਝ ਸ਼ਰਾਬ ਦਾ ਨਸ਼ਾ ਚੜ੍ਹ ਰਿਹਾ ਸੀ ਤੇ ਮਾਘੀ ਉਹਨੂੰ ਹੁਣ ਹੋਰ ਵੀ ਚੰਗਾ ਲਗਦਾ ਸੀ।

"ਜੋ ਹੈ ਵਖਾ — ਜੋ ਤੇਰੀ ਮਰਜੀ।" ਕਰਾਰ ਨਾਲ ਬਿਸ਼ਨੇ ਨੇ, ਮੁੱਛਾਂ ਉਤੇ ਹੱਥ ਫੇਰਦਿਆਂ ਜਿਵੇਂ ਉਹਨੂੰ ਖੁਲ੍ਹੀ ਛੁੱਟੀ ਦਿਤੀ।

"ਤੇ ਸੁਣੋਂ।" ਮਾਘੀ ਪੂਰੀ ਤਰ੍ਹਾਂ ਸਮਾਧੀ ਲਾ ਕੇ ਇਉਂ ਬੋਲਣ ਲਗ ਪਿਆ ਜਿਵੇਂ ਤਵਿਆਂ ਵਾਲੀ ਮਸ਼ੀਨ ਲਗੀ ਹੋਈ ਹੋਵੇ।

"ਪਹਿਲੀ ਗੱਲ ਤੇ ਇਹ ਤਾਇਆ ਕਿ ਆਪਾਂ ਨੂੰ ਕਿਸੇ ਸਾਲੇ ਦਾ ਡਰ-ਡੁਕਰ ਕੋਈ ਨਹੀਂ। ਹੋਵੇ ਵੀ ਕਿਉਂ ? ਸਾਡਾ......ਸਾਡਾ ਪਿਓ ਤਾਇਆ ਬੜਾ ਗੀਦੀ ਆਦਮੀ ਐਂ ! ਤਾਂ ਉਹਤੋਂ ਆਪਾਂ ਡਰਦੇ ਨੀਂ — ਚਲੋ ਪਹਿਲਾਂ

ਏਹੀ ਬਾਤ ਸੁਣੋ......

"ਸਾਡਾ ਪਿਤਾ, ਜਾਣੀ-ਦਾ ਤੇਰਾ ਭਰਾ ਐ ਨਾ ਤਾਇਆ ਜੀ ?..... ਹਾਂ ਸੱਚ ਲੈ ਕੁਸ਼ ਹੋਵੇ......ਵੈਸੇ ਉਹ ਬਹੁਤ ਕਮੀਨਾ ਆਦਮੀ ਹੈ ! ਓਸ ਕੋਲ ਹੁਣ ਬੜੇ ਪੈਸੇ ਐ । ਸਾਡਾ ਭਾਊ — ਜਾਣੀ ਦਾ ਮਾ-ਬਦੌਲਤ ਵੱਡਾ ਭਾਈ, ਸਾਹਿਬ ਸਰਦਾਰ ਬਹਾਦਰ ਸਰਦਾਰ ਕਾਲਾ ਸਿੰਘ ਜੀ, ਤੇ ਸਾਡਾ ਪਿਓ ਦਿਨ-ਰਾਤ ਗਧਿਆਂ ਕੀ ਮਾਫ਼ਕ ਕਮਾਈ ਕਰਦੇ ਐ । ਪੈਸੇ ਕਮਾਈ ਜਾਂਦੇ ਐ — ਕਦੇ ਕੁਸ਼ ਖਾਂਦੇ ਨੀਂ, ਕੁਸ਼ ਪੀਂਦੇ ਨੀਂ । ਇਹ ਕਿਆ ਹੈ ਤਾਇਆ ਜੀ ? ਕੋਈ ਬਾਤ ਬਣੀ ?— ਕੁਸ਼ ਪਿਆ ਪੱਲੇ ?

"ਸਾਡੇ ਮਾਸਟਰ ਜੀ ਕਹਿੰਦੇ ਬਈ ਕਮਾਓ ਬੀ, ਖਾਓ ਬੀ । ਪਰ ਨਿਰਾ ਕਮਾਓ ਜਾਂ ਨਿਰਾ ਖਾਓ ਦੀ, ਇਹ ਗੱਲ ਬੜੀ ਕਮੀਨੀ ਹੈ --- ਗੰਦੀ -- ਜਾਣੀ ਘੋਗੜ ਦੀ ਬਿੱਠ ਬਰਗੀ......!"

ਮਾਘੀ ਨੇ ਉੱਚੀ ਸਾਰੀ ਠਹਾਕਾ ਮਾਰਿਆ ਤੇ ਬੁੱਲ੍ਹਾਂ ਉਤੇ ਜੀਭ ਫੇਰਦਿਆਂ ਅੱਖਾਂ ਮਟਕਾ ਕੇ ਬਿਸ਼ਨੇ ਦੀਆਂ ਅੱਖਾਂ ਵਿਚ ਤੱਕਿਆ । ਫੇਰ ਸੱਜਾ ਹੱਥ ਚੁੱਕ ਕੇ ਗੋਡੇ ਉਤੇ ਕੂਹਣੀ ਦਾ ਭਾਰ ਦੇ ਕੇ ਟੇਢਾ-ਜਿਹਾ ਹੁੰਦਿਆਂ ਬਹਿ ਕੇ ਬੋਲਿਆ, "ਅਸਲ ਮੇਂ ਤਾਇਆ ਇਹ ਲੋਕ ਬਿਲਕੁਲ ਬੁੱਧੂ ਹੈਂ —- ਨਾ ਇਹਨਾਂ ਨੂੰ ਅਕਲ ਹੈ ਨਾ ਮੌਤ । ਸਾਡੇ ਪਿਓ ਸਾਹਬ ਨੇ ਪਿਛਲੇ ਸਾਲ ਇਕ ਲੱਕੜ ਦੀ ਗੱਡੀ ਲਿਆਂਦੀ, ਜਗਾਧਰੀ ਤੋਂ । ਠੱਲ੍ਹੂ --- ਓਸ ਢਿੱਡਲ ਕਰਿਆੜ, ਤੋਂ ਦੋ ਹਜ਼ਾਰ ਰੁਪਈਆ ਫੜ ਲਿਆ — ਵਿਆਜ ਤੇ ਵੀ ਨੀਂ ਲਿਆ, ਉਹਦਾ ਖ਼ਸਮ ਦਾ, ਹਿੱਸਾ ਦੀ ਗੱਡੀ 'ਚ ਪੁਆ ਲਿਆ । ਚੰਮ ਆਪਣਾ ਲੁਹਾਇਆ ਤੇ ਤੀਜਾ ਹਿੱਸਾ ਓਸ ਕਰਿਆੜ ਨੂੰ ਘਰੇ ਬੈਠੇ ਨੂੰ ਦਿਤਾ......ਤੇ......ਤੇ ਅਜੇ ਉਹਦਾ ਹਜ਼ਾਰ ਖੜ੍ਹੇ । ਘਰੇ ਪੈਸੇ ਪਏ ਐ ਦਿੰਦਾ ਨੀਂ । ਉਹਨਾਂ ਦਾ ਵਿਆਜ ਜਿਹੜਾ ਪੈਂਦੇ ਉਹ ਤਾਂ ਪੈਂਦੇ, ਜਿਹੜੀ ਬਗਾਰ ਉਹ ਉਤੋਂ ਉਤੋਂ ਕਰੇਂਦੇ ਉਹ ਅਲਹਿਦਾ ਦੀ......ਢਿੱਡ ਕੱਢੂ, ਧੋਤੀ ਦਾ ਪੱਲਾ ਫੜ ਕੇ ਨਿਤ ਆ ਖੜ੍ਹ, 'ਭਗਤ ਸ਼ਿਆਂ ਸ਼ਾਡੀ ਮਹਿੰਦੀ ਖੁਲਲੀਂ ਕੇ ਪਤੀਆਂ ਨਾਉਨੀਆਂ ਸ਼ੀ; ਭਗਤ ਸ਼ਿਆਂ ਸਾਡੇ ਹਾਤੇ ਦੀ ਕੋਠੜੀ ਨੂੰ ਤਖ਼ਤੇ ਨਾਉਨੇ ਸ਼ੀ; ਭਗਤ ਸ਼ਿਆਂ ਸ਼ਾਡੀ ਬਹੂ ਆਸ਼ਤੇਂ ਬਾਘਾਂ ਬਨਾਉਨਾ ਸ਼ੀਂ...ਭਗਤ ਸ਼ਿਆਂ ਸ਼ਾਡੀ ਛਠਾਣੀ ਭਾਗਮੰਤੀ ਦੇ ਖੁਰੀਆਂ ਨਾਉਨੀਆਂ ਸ਼ੀਂ..."

ਠੱਲ੍ਹ ਦੇ ਬੋਲਣ ਦੀ ਨਕਲ ਉਹਨੇ ਏਨੀਂ ਸੁਹਣੀ, ਬਰੀਕ ਅਵਾਜ਼ ਬਣਾ ਕੇ, ਤੇ ਉਹਦੇ ਵਾਂਗ ਹੀ ਮੂੰਹ ਕਰਕੇ ਲਾਹੀ ਕਿ ਬਿਸ਼ਨੇ ਨੂੰ ਕਿੰਨਾ ਚਿਰ ਹਾਸੀ ਆਉਂਦੀ ਰਹੀ । ਪਰ ਮਾਘੀ ਨਾ ਹੱਸਿਆ ਤੇ ਕੁਝ ਰੁਕਕੇ ਫੇਰ ਓਵੇਂ ਬੋਲਣ ਲਗ ਪਿਆ । ਪਰ ਹੁਣ ਵਿਚ ਵਿਚ ਉਹਦੀ ਜੀਭ ਥਿੜਕਣ ਲਗ ਪਈ ਸੀ ।

"ਲੈ ਹੁਣ ਤੂੰ ਦੱਸ ਤਾਇਆ, ਇ-ਹ ਬੰਦੇ ਐ ?......ਕੁੱਤੇ; ਸਾਲੇ !...... ਜੇ — ਜੇ ਤਾਇਆ ਕਦੇ ਹਮਰਾ ਰਾਜ ਆ ਗਿਆ ਤੂੰ ਦੇਖੀਂ ਮੈਂ ਇਹਨਾਂ ਸਭ ਨੂੰ — ਣੇ ਆਪਣੇ ਪਿਓ ਦੇ — ਊਂ ਤਾਂ ਉ-ਹ ਤੇਰਾ ਭਰਾ ਹੈ, ਪਰ ਮੈਨੂੰ ਕੋਈ ਪ੍ਰਵਾਹ ਨੀਂ — ਸ-ਭ ਫੂ... ਕ ਦੂੰ !" ਦੇਂਦੀਆਂ ਪੀਹ ਕੇ ਜਦੋਂ ਮਾਘੀ ਨੇ 'ਫੂ-ਕ-ਦੂੰ' ਆਖਿਆ ਤਾਂ ਉਹਦੀਆਂ ਸ਼ਰਾਰਤੀ ਅੱਖਾਂ ਦੇ ਏਡੇ ਕਹਿਰ ਨੂੰ ਬਿਸ਼ਨਾ ਵਿੰਹਦਾ ਰਹਿ ਗਿਆ ।

"ਐਸੇ ਬੰਦਿਆਂ ਦੀ — ਧਦੋੜੇ ਬੰਦਿਆਂ ਦੀ — ਏਸ ਦੁਨੀਆਂ ਮੇਂ ਕੋਈ ਲੋੜ ਨੀਂ ਤਾਊ......!" ਓਵੇਂ ਕਹਿਰੀ ਅੱਖਾਂ ਅੱਡ ਕੇ ਪਾਟਣ ਵਾਲੀਆਂ ਕਰਦਿਆਂ, ਬਾਂਹ ਉਤਾਂਹ ਉਲਰ ਕੇ ਮਾਘੀ ਜਿਵੇਂ ਚੀਕਿਆ, "ਇਹਨਾਂ ਸਭ ਬੰਦਿਆਂ ਨੂੰ ਮੈਂ ਭੁੰਨ ਕੇ ਖਾਊਂ......ਭੂੰ-ਨ......ਭੁੰਨ ਕਰਕੇ...ਤਾਇਆ ਜੀ ! ਇਹ ਜੋ ਲੋ-ਕ, ਜੋ ਲੋਕ ਪੈਸੇ ਵਾਲੇ ਹੈਂ ਨਾ......ਇਹ ਬਹੁਤੇ ਧਨ ਵਾਲੇ, ਸਾਡੇ ਮਾਸਟਰ ਜੀ ਕਹਿੰਦੇ ਐ 'ਸਭ ਕੇ ਸਭ ਬੇਈਮਾਨ ਹੈਂ' — ਬੇਈ-ਮਾਨੀ ਕੇ ਬਿਨਾਂ ਪੈਸਾ ਬਣ ਈ ਨਹੀਂ ਸਕਦਾ......ਤੇ ਸਭ ਤੋਂ ਵਡੇ, ਕੁੱਤੇ, ਗੰਦੀ ਉਹ ਲੋਕ ਹੈਂ ਜੋ ਸਾਡੇ ਪਿਓ ਜੈਸੇ -- ਜਾਣੀ ਤੇਰੇ ਭਰਾ ਵਰਗੇ !......ਇਹ ਲੋਕ......ਇਹਨਾਂ ਲੋਕਾਂ ਨੂੰ ਲਹੂ ਦਾ ਸੁਆਦ ਪਾਉਂਦੇ ਹੈਂ......ਤੇ ਫੇਰ......

"ਤੇ ਫੇਰ ਇਹ ਲੋਕ—ਜਾਣੀ ਇਹ ਸਾਡੇ ਬਾਪੂ ਜੀ ਜੈਸੇ ਲੋਕ, ਆਪ ਤਾਂ ਦੁਖ ਭੋਗਦੇ ਹੀ ਹੈਂ ਹੋਰਾਂ ਲਈ ਬੀ ਕੰਡੇ ਬਛਾਤੇ ਹੈਂ......! ਹੁਣ ਦੇਖੋ ਸਾਡੇ ਪਿਓ ਪਾਸ ਕਿਸੇ ਬਾਤ ਕਾ ਘਾਟਾ ਨਹੀਂ ਹੈ......ਪਰ ਉਹ ਤੇ ਹਮਾਰੀ ਮਾਤਾ ਜੀ ਰੋਜ਼ ਕੁਤੂਰਿਆਂ-ਬਿੱਲਿਆਂ ਕੀ ਮਾਫ਼ਕ ਲੜਦੇ ਹੈਂ......ਉਹ ਕਹਿੰਦੀ ਹੈ 'ਮੈਥੋਂ ਸ਼ਰੀਕ ਦੀਆਂ ਰੋਟੀਆਂ ਨਹੀਂ ਪਕਤੀਆਂ,' ਕਦੇ ਆਖਦੀ ਹੈ 'ਤੂੰ ਮੈਨੂੰ ਮਲਮਲ ਕੀ ਕੁੜਤੀ ਨਹੀਂ ਸਮਾ ਕੇ ਦਿੰਦਾ'......ਤੇ ਉਹ ਘੁੱਗੂ ਆਖਦਾ ਹੈ, 'ਮੇਰੇ ਕੋਲ ਪੈਸੇ ਨਹੀਂ'......ਪਰ ਸਰੀਕ ਕੀ ਰੋਟੀ ਕੀ ਬਾਤ ਵਾਲੀ ਗੱਲ ਨੂੰ ਗੋਲਦਾ ਹੀ ਨਹੀਂ......ਮੁੜ ਕੇ ਓਸ ਬਾਤ ਨੂੰ ਛੇੜਤਾ ਈ ਨਹੀਂ....

"ਇਹ ਤਾਊ ਜੀ ਕਮੀਨੇ ਲੋ-ਕ ਹੈ !......ਗਧੇ !......ਜਿਸ ਆਦਮੀ ਨੇ ਸਾਰੀ ਉਮਰ ਆਪ ਕੋ ਪਾਲ਼ਿਆ ਹੈ ਓਸ ਕੀ ਕਦਰ ਕਰੋ......ਸਾਲਿਓ...! ਮੈਂ ਮੈਂ—ਹੁਣ ਆਪਣੇ ਪਿਓ ਨੂੰ ਕੁੱਤਾ ਆਖ ਸਕਦਾ ਹੂੰ !...ਪਰ ਜਦੋਂ ਉਹ ਆਪ ਕੀ ਮਾਫ਼ਕ ਬੁੱਢਾ ਹੋ ਗਿਆ ਤਾਂ ਆਖੂੰਗਾ, 'ਪੂਜਨੀਕ ਪਿਤਾ ਜੀਓ, ਬੈਠੋ ਜੀ ਪਲੰਘ ਪਰ ! ਪਰਛਾਦੇ ਛਕੋ, ਅਨੰਦ ਕਰੋ--ਆਪਕੀ ਪਾਲਣਾ ਸਾਡਾ ਫਰਜ਼ ਹੈ ਜੀ ।'......ਪਰ ਹੁਣ ਐਸਾ ਨੀਂ—ਐਸਾ ਨੀਂ ਹੋ ਸਕਦਾ......ਹੋ ਈ ਕੈਸੇ ਸਕਦੈ ਜਦੋਂ ਇਹ ਆਦਮੀ ਈ ਕੁੱਤੇ ਹੈਂ - ਗਧੇ !......"

'ਇਹ ਮੁੰਡੇ ਕਿ ਕੋਈ ਬਲਾ ?' ਬਿਸ਼ਨੇ ਨੇ ਤਾੜ ਕੇ ਉਸ ਵਲ ਝਾਕਦਿਆਂ ਸੋਚਿਆ ਤੇ ਨਾਲ ਹੀ ਇਕ ਦਮ ਉਹਦੇ ਸ਼ਰਾਬ ਨਾਲੋਂ ਵੀ ਤੇਜ਼ ਹਵਾੜ੍ਹ ਉਹਨੂੰ ਸਿਰ ਨੂੰ ਚੜ੍ਹਦੀ ਲੱਗੀ; ਤੇ ਇਕ ਅਵਾਜ਼ ਮੁੜ ਮੁੜ ਕੰਨਾਂ 'ਚ ਗੂੰਜਣ ਲਗ ਪਈ : 'ਮੈਥੋਂ ਸ਼ਰੀਕ ਦੀਆਂ ਰੋਟੀਆਂ ਨਹੀਂ ਪਕਦੀਆਂ...'

"ਮੈਂ ਤਾਇਆ ਸ਼ਰਾਬੀ ਨੀਂ," ਮਾਘੀ ਨੇ ਹੋਰ ਉੱਚੀ ਦੇਣੇ ਆਖਿਆ, "ਅਸਲ ਗੱਲ ਇਹ ਹੈ ਕਿ ਮੈਨੂੰ ਕੋਈ ਕੰਮ ਦੀ ਬਾਤ ਕਰਨ ਨੂੰ ਨਹੀਂ ਥਿਆਉਂਦੀ--ਏਹੀ ਸਾਡੇ ਮਾਸ਼ਟਰ ਜੀ ਕਹਿੰਦੇ ਐ । ਇਹ ਲੱਕੜ ਦਾ ਕੰਮ ਮੈਨੂੰ ਨੀਂ ਚੰਗਾ ਲਗਦਾ—ਰੰਦੀ ਜਾਓ, ਘੜੀ ਜਾਓ, ਚੀਰੀ ਜਾਓ, ਘਿਰ-ਰ-ਰ ਘਿਰ-ਰ-ਰ, ਕੋਈ ਗੱਲ ਬਣੀ ?......ਮੈਂ ਕੋਈ ਵੱਡਾ ਸਾਰਾ ਕੰਮ ਕਰਨਾ ਚਾਹੁਨੈ—ਹੋ......ਬੰਬ ਜਿੱਡਾ ਕੰਮ !......ਪੜ੍ਹਣ-ਪੜ੍ਹਣ 'ਚ ਬੀ ਕੁਜ ਨੀਂ ਤਾਊ—ਬਸ ਜੈਸੇ ਬੰਦਾ ਕੱਛ ਦੇ ਨੇਫ਼ੇ ਵਿਚੋਂ ਕਢ ਕਢ ਜੂੰਆਂ ਮਾਰੀ ਜਾ-ਵੇ, ਧੱਪੇ ਬੈਠਾ, ਐਸਾ ਹੈ ਇਹ ਕੰਮ !...ਜਿਹੜੀਆਂ ਗੱਲਾਂ ਮੈਂ ਦੋਂਹ ਮਹੀਨਿਆਂ ਵਿਚ ਸਿਖ ਲੈਨੈਂ ਓਹੋ ਸਾਰਾ ਸਾਲ ਮੁੜ ਮੁੜ ਸਾਡੇ ਮਾਸ਼ਟਰ ਘਸਾਈ ਜਾਂਦੇ ਐ; ਘਸਾਈ ਜਾਂਦੇ ਐ—ਜਿਵੇਂ ਉਹਨਾਂ ਨੂੰ ਕੁਲ੍ਹੀਆਂ ਕਰਕੇ--ਕੜਾ ਪ੍ਰਸਾਦ ਦੀਆਂ ਗਰੋਲੀਆਂ ਬਣਾ ਕੇ...ਮੁੰਡਿਆਂ ਦੇ ਸੰਘਾਂ ਵਿਚ ਸਿਟਣੀਆਂ ਹੋਣ... ਤੇ ਫੇਰ ਦਾਰੂ ਨਾ ਪੀਵੇ ਤਾਂ ਬੰਦਾ ਕੀ ਕਰੇ, ਤਾਊ ?......ਲੈ ਹੋ ਜੇ ਫੇਰ, ਇਕ ਇਕ ਹੋਰ...ਹੋ ਜੇ ਤਾਊ ਜੀ ?...ਹਾਂ !"

ਤੇ ਮਾਘੀ ਨੇ ਬੋਤਲ ਫੇਰ ਚੁਕ ਲਈ । ਛੇਤੀ ਦੇਣੇ ਗਲਾਸੀ ਭਰੀ ਤੇ ਬਿਸ਼ਨੇ ਨੂੰ ਕਹੇ ਬਿਨਾਂ ਪਹਿਲਾਂ ਆਪ ਇਉਂ ਪਾਣੀ ਵਾਂਗ ਪੀ ਗਿਆ ਜਿਵੇਂ ਬਹੁਤ ਤਿਹ ਲਗੀ ਹੋਈ ਹੋਵੇ । ਦੂਜੀ ਭਰ ਕੇ ਬਿਸ਼ਨੇ ਨੂੰ ਫੜਾਉਂਦਿਆਂ ਉਹਨੇ ਇਕ ਅਵੱਲਾ ਜਿਹਾ ਸ਼ਬਦ ਬੋਲਿਆ, ਜੋ ਬਿਸ਼ਨੇ ਨੂੰ ਸਮਝ ਨਾ ਆਇਆ । ਫੇਰ ਓਸ ਨਿਮਕੀ ਜਿਹੀ ਨਾਲ ਆਖਿਆ, "ਮੈਂ ਤਾਂ...ਤਾਂ ਪਹਿਲੇ ਪੀ ਗਿਆ ਤਾਊ...ਮੇਰੇ ਸਿਰ ਨੂੰ ਗੁੱਸਾ ਚੜ੍ਹੀ ਜਾਂਦਾ ਸੀ—ਹੁਣ ਕੁਸ਼ ਕਮ...ਕਮਤੀ ਹੈ ।"

ਜਦੋਂ ਬਿਸ਼ਨੇ ਨੇ ਗਲਾਸੀ ਖ਼ਾਲੀ ਕਰਕੇ ਮਾਘੀ ਨੂੰ ਫੜਾਈ ਤਾਂ ਉਹਨੂੰ ਆਪਣਾ ਸਿਰ ਚਕਰਾਉਂਦਾ ਜਾਪਿਆ । ਸਾਰੀ ਕੋਠੜੀ ਗੇੜੇ-ਦਾਅ ਭਉਂਦੀ ਲਗੀ । ਤੇ ਅੱਖਾਂ ਮੀਚਦਿਆਂ ਨੀਵੀਂ ਪਾ ਕੇ ਸਿਰ ਗੋਡਿਆਂ ਵਿਚ ਦੇ ਲਿਆ ।

"ਤਾਇਆ ਹੋਰ, ਕਿ ਹੁਣ ਪ੍ਰਸ਼ਾਦਾ ਛਕੀਏ ?" ਮਾਘੀ ਨੇ ਥਥਲਾਂਦੀ ਵਾਜ ਨਾਲ ਪੁੱਛਿਆ ।

ਬਿਨਾਂ ਬੋਲਿਆਂ ਬਿਸ਼ਨੇ ਨੇ ਸਿਰ ਇਉਂ ਹਿਲਾਇਆ ਕਿ ਮਾਘੀ ਉਹਦਾ ਮਤਲਬ ਸਮਝ ਕੇ ਰੋਟੀਆਂ ਵਾਲੇ ਪੋਣੇ ਦੀਆਂ ਗੰਢਾਂ ਖੋਹਲਣ ਲਗ ਪਿਆ ।

ਰੋਟੀ ਖਾਂਦਿਆਂ ਵੀ ਮਾਘੀ ਓਵੇਂ ਬੋਲੀ ਗਿਆ, ਪਰ ਬਿਸ਼ਨੇ ਨੂੰ ਉਹਦਾ ਬੋਲ ਸਾਫ਼ ਨਹੀਂ ਸੀ ਸੁਣ ਰਿਹਾ । ਜਦੋਂ ਉਹ ਜ਼ੋਰ ਨਾਲ ਅੱਖਾਂ ਪੁੱਟ ਕੇ ਉਹਦੇ ਵਲ ਝਾਕਣ ਦਾ ਯਤਨ ਕਰਦਾ ਤਾਂ ਮੱਲੋਜ਼ੋਰੀ ਉਹਦੀਆਂ ਅੱਖਾਂ ਫੇਰ ਮਿੱਚ ਜਾਂਦੀਆਂ । ਬਾਹਰ ਕਦੇ ਮੱਧਮ ਤੇ ਕਦੇ ਜ਼ੋਰ ਦੀ ਪੈਂਦੀ ਵਾਛੜ ਦੇ ਖੜਕੇ ਨਾਲ ਬਿਸ਼ਨੇ ਦੇ ਸਿਰ ਨੂੰ ਇਕ ਅਜੀਬ ਘੂਕੀ ਚੜ੍ਹ ਰਹੀ ਸੀ, ਜਿਵੇਂ ਉਹ ਬੇਹੋਸ਼ ਹੋ ਰਿਹਾ ਹੋਵੇ ।

ਰੋਟੀ ਖਾ ਕੇ ਉਹ ਦੋਵੇਂ ਓਸੇ ਮੰਜੀ ਉਤੇ ਲਿਟ ਗਏ। ਮਾਘੀ ਪਿਆ ਪਿਆ ਈ ਪਤਾ ਨਹੀਂ ਕਦੋਂ ਤਾਈਂ ਬੋਲੀ ਗਿਆ; ਤੇ ਫੇਰ ਕਦੋਂ ਉਠ ਕੇ ਤੁਰ ਗਿਆ। ਬਿਸ਼ਨੇ ਨੂੰ ਕੋਈ ਪਤਾ ਨਾ ਲਗਿਆ।

●

**ਸਾਹਿਤਕ ਇਨਾਮ, ਪੁਰਸਕਾਰ ਤੇ ਸਨਮਾਨ :**

੧. ਮੜ੍ਹੀ ਦਾ ਦੀਵਾ — ਭਾਸ਼ਾ ਵਿਭਾਗ, ਪੰਜਾਬ, ਵੱਲੋਂ ਸਰਬ ਉੱਤਮ ਗਲਪ ਪੁਸਤਕ ਇਨਾਮ — ੧੯੬੬

੨. ਓਪਰਾ ਘਰ — ਭਾਸ਼ਾ ਵਿਭਾਗ ਵੱਲੋਂ ਸਰਬ ਉੱਤਮ ਗਲਪ ਪੁਸਤਕ ਇਨਾਮ — ੧੯੬੭

੩. ਅਣਹੋਏ — ਭਾਸ਼ਾ ਵਿਭਾਗ ਵੱਲੋਂ ਸਰਬ ਉੱਤਮ ਗਲਪ ਪੁਸਤਕ ਇਨਾਮ — ੧੯੬੮

੪. ਕੁੱਤਾ ਤੇ ਆਦਮੀ — ਭਾਸ਼ਾ ਵਿਭਾਗ ਵੱਲੋਂ ਸਰਬ ਉੱਤਮ ਗਲਪ ਪੁਸਤਕ ਇਨਾਮ — ੧੯੭੪

੫. ਅੱਧ-ਚਾਨਣੀ ਰਾਤ — ਭਾਸ਼ਾ ਵਿਭਾਗ ਵੱਲੋਂ 'ਨਾਨਕ ਸਿੰਘ ਨਾਵਲ ਪੁਰਸਕਾਰ (੧੯੭੫)
ਤੇ ਸਾਹਿਤ ਅਕਾਦਮੀ ਪੁਰਸਕਾਰ (੧੯੭੫)

੬. ਸਕੂਲ ਸਿਖਿਆ ਬੋਰਡ ਪੰਜਾਬ ਦੀਆਂ ਹਾਈ, ਮਿਡਲ ਤੇ ਪ੍ਰਾਇਮਰੀ ਸ਼੍ਰੇਣੀਆਂ ਸਿਲੇਬਸ ਕਮੇਟੀਆਂ ਦਾ ਮੈਂਬਰ।

## ਗੁਰਦਿਆਲ ਸਿੰਘ ਰਚਨਾਵਲੀ

**ਨਾਵਲ**

ਮੜ੍ਹੀ ਦਾ ਦੀਵਾ — ੧੯੬੪
ਅਣਹੋਏ — ੧੯੬੬
ਕੁਵੇਲਾ — ੧੯੬੮
ਰੇਤੇ ਦੀ ਇਕ ਮੁੱਠੀ — ੧੯੬੯
ਅੱਧ ਚਾਨਣੀ ਰਾਤ — ੧੯੭੨
ਆਥਣ-ਉੱਗਣ — ੧੯੭੪
ਅੰਨ੍ਹੇ ਘੋੜੇ ਦਾ ਦਾਨ
ਪਹੁ ਫੁਟਾਲੇ ਤੋਂ ਪਹਿਲਾਂ ਪ੍ਰੈਸ ਵਿਚ

**ਕਹਾਣੀ-ਸੰਗ੍ਰਹਿ**

ਸੱਗੀ ਫੁੱਲ — ੧੯੬੨
ਚੰਨ ਦਾ ਬੂਟਾ — ੧੯੬੪
ਓਪਰਾ ਘਰ — ੧੯੬੫
ਕੁੱਤਾ ਤੇ ਆਦਮੀ — ੧੯੭੨
ਮਸਤੀ ਬੋਤਾ — (ਪ੍ਰੈਸ ਵਿਚ)

**ਬਾਲ-ਸਾਹਿਤ**

ਬਕਲਮ-ਖ਼ੁਦ (ਕਹਾਣੀ ਸੰਗ੍ਰਹਿ)
ਟੁੱਕ ਖੋਹ ਲਏ ਕਾਵਾਂ (ਨਾਵਲ)
ਲਿਖਤੁਮ ਬਾਬਾ ਖੇਮਾ (ਕਲਪਤ ਆਤਮ-ਕਥਾ)

**ਅਨੁਵਾਦ :**

ਮੇਰਾ ਬਚਪਨ — ਗੋਰਕੀ
ਬਿਰਾਜ ਬਹੂ — ਸ਼ਰਤ ਚੰਦਰ
ਨੀਲੇ ਪੱਤਰੇ — ਈ. ਕਜ਼ਾਕੇਵਿਚ
ਹੰਸਾਂ ਦੀ ਫੇਰੀ — ਮੀਖਾਈਲੋ ਸਤੇਲਮਾਖ
ਇਕ ਦਿਨ ਇਕ ਰਾਤ — ਮੀਖਾਈਲੋ ਸਤੇਲਮਾਖ
ਸੋਵੀਅਤ ਕਹਾਣੀਆਂ — ਚੋਣਵਾਂ ਕਹਾਣੀ ਸੰਗ੍ਰਹਿ
ਮੋਇਆਂ ਦੇ ਖ਼ਤ — ਉਨ੍ਹਾਂ ਸੋਵੀਅਤ ਮਰਦਾਂ ਤੇ ਇਸਤਰੀਆਂ ਦੀਆਂ ਚਿਠੀਆਂ ਤੇ ਲਿਖਤਾਂ ਜਿਹੜੇ ਨਾਜ਼ੀਆਂ ਨਾਲ ਲੜਦਿਆਂ ਮੋਏ
ਮਿੱਤਰੋ ਮਰ ਜਾਣੀ — ਕ੍ਰਿਸ਼ਨਾ ਸੋਬਤੀ
ਗੰਗਾ ਚੀਲ ਦੇ ਖੰਭ — ਲਕਸ਼ਮੀ ਨੰਦਨ ਬੋਰਾ
ਭੁੱਲੇ ਵਿਸਰੇ ਚਿੱਤਰ — ਭਗਵਤੀਚਰਨ ਵਰਮਾ
ਅਮੀਰ ਖੁਸਰੋ — ਗ਼ੁਲਾਮ ਸਮਨਾਨੀ
ਨਾਨਾ ਫੜਨਵੀਸ — ਵੀ. ਐਨ. ਦੇਵਧਰ
ਸਾਡੀਆਂ ਨਦੀਆਂ — ਅਲ ਵਲੀਅੱਪਾ
ਨਦੀਆਂ ਦੀ ਕਹਾਣੀ — ਲੀਲਾ ਮੱਜੂਮਦਾਰ
ਆਜ਼ਾਦੀ ਦੀ ਕਹਾਣੀ — ਸੁਮੰਗਲ ਪ੍ਰਕਾਸ਼
ਝੂਠ ਸੱਚ (ਇਕ ਭਾਗ) — ਯਸ਼ਪਾਲ
ਮ੍ਰਿਗ ਨੈਣੀ — ਬ੍ਰਿੰਦਾਵਨ ਲਾਲ ਵਰਮਾ
ਸਵਰਾਜ ਦੀ ਕਹਾਣੀ
ਵੀਰ ਬਾਲਕ

**ਪੰਜਾਬੀ ਤੋਂ ਹਿੰਦੀ ਵਿਚ**

ਮੜ੍ਹੀ ਕਾ ਦੀਵਾ
ਘਰ ਔਰ ਰਾਸਤਾ (ਅਣਹੋਏ ਦਾ ਹਿੰਦੀ ਅਨੁਵਾਦ
ਤਿੰਨ ਦਰਜਨ ਕਹਾਣੀਆਂ (ਆਪਣੀਆਂ)


## ਖੇਤ ਮਜ਼ਦੂਰਾਂ ਲਈ ਸੂਚਨਾ

ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ (CFU) ਵਲੋਂ ਫਾਰਮਾਂ ਵਿਚ ਕੰਮ ਕਰਨ ਵਾਲੇ ਸਾਰੇ ਭੈਣ ਭਰਾਵਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਯੂਨੀਅਨ ਦਾ ਦਫਤਰ ਸੋਮਵਾਰ ਤੋਂ ਸ਼ੁਕਰਵਾਰ ਤਕ ਸਵੇਰ ਦੇ 9 ਵਜੇ ਤੋਂ ਸ਼ਾਮ ਦੇ 5 ਵਜੇ ਤਕ ਖੁੱਲ੍ਹਾ ਰਹਿੰਦਾ ਹੈ। ਸ਼ਾਮ ਦੇ 5 ਵਜੇ ਤੋਂ ਪਿੱਛੋਂ ਤੁਸੀਂ ਦਫਤਰ ਫੋਨ ਕਰਕੇ ਟੇਪ - ਰਿਕਾਰਡਰ ਉਪਰ 24 ਘੰਟੇ, ਆਪ ਦਾ ਨਾਮ ਤੇ ਫੋਨ ਨੰਬਰ ਰਿਕਾਰਡ ਕਰਵਾ ਸਕਦੇ ਹੋ। ਤੁਹਾਨੂੰ ਛੇਤੀ ਤੋਂ ਛੇਤੀ ਵਾਪਿਸ ਫੋਨ ਕੀਤਾ ਜਾਵੇਗਾ।

ਯੂਨੀਅਨ ਦੇ ਮੈਂਬਰ ਬਨਣ ਲਈ ਤੁਸੀਂ ਦਫਤਰ ਆਓ ਜਾਂ ਫੋਨ ਕਰੋ। ਤੁਹਾਨੂੰ ਤੁਹਾਡੇ ਘਰ ਆ ਕੇ ਵੀ ਮੈਂਬਰ ਬਣਾਇਆ ਜਾ ਸਕਦਾ ਹੈ।

ਸਾਰੇ ਭੈਣ ਭਰਾ ਨੋਟ ਕਰ ਲੈਣ ਕਿ ਯੂਨੀਅਨ ਦਾ ਇੱਕੋ ਇਕ ਦਫਤਰ ਸਿਰਫ ਬਰਨੇਬੀ ਵਿਚ ਹੀ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ - ਰਾਜ ਚੌਹਾਨ ਜਾਂ
ਸਰਵਣ ਬੋਲ ਨੂੰ - 521-1877

**ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ**

7707-6th. ST., ਬਰਨਬੀ, ਬੀ. ਸੀ.



● ਵਿਗਿਆਨ ਪੁਸਤਕ 'ਵਿਸ਼ਵ ਦੀ ਨੁਹਾਰ' ਤੋਂ ਬਾਅਦ, ਬਹੁਪੱਖੀ ਪ੍ਰਤਿਭਾ ਦੇ ਮਾਲਕ: ਕਵੀ, ਨਾਟਕਕਾਰ ਤੇ ਵਿਗਿਆਨ-ਲੇਖਕ ਅਜਮੇਰ ਰੋਡੇ ਦਾ ਪਹਿਲਾ ਕਾਵਿ-ਸੰਗ੍ਰਹਿ
ਸੁਰਤੀ ੧੫ ਰੁਪਏ; ਫ਼ੋਨ: 438-7793 ; ਜੂਨ 1979

## ਅੱਗ ਦੀ ਲਾਟ

ਕੁਲਵੰਤ ਜਗਰਾਓਂ

ਮੈਂ ਜਾਣਦਾ ਹਾਂ ਕਿ ਕਿਸੇ ਲਈ
ਲੁਟੇਰੇ ਚੋਰ ਤੇ ਕਪਟੀ ਸ਼ਬਦਾਂ ਦੀ ਵਰਤੋਂ
ਕਵੀ ਨੂੰ ਸੋਂਹਦੀ ਨਹੀਂ
ਪਰ ਤੁਸੀਂ ਜਦ ਕੁਰਸੀਆਂ ਪਿੱਛੇ
ਆਪਣੇ ਹੀ ਨਾਅਰਿਆਂ ਤੇ ਐਲਾਨਾਂ ਦਾ
ਗਰਭਪਾਤ ਕਰਦੇ ਹੋ ਤਾਂ ਪਾਖੰਡੀਓ
ਤੁਹਾਡੇ ਲਈ ਕਿਹੜੇ ਸ਼ਬਦ ਮੈਂ ਵਰਤਾਂ
ਅਤੇ ਤੁਸੀਂ ਜਦ
ਲੋਕਾਂ ਦੀ ਖੁਸ਼ਹਾਲੀ ਤੇ ਤਰੱਕੀ ਦਾ ਢੋਲ ਪਿਟਦੇ ਹੋ
ਤਾਂ ਲੋਕ ਤੁਹਾਡੇ ਦੰਭ ਤੇ
ਹੁਣ ਸਿਰਫ ਹੱਸਦੇ ਨਹੀਂ
ਸਗੋਂ ਉਹਨਾਂ ਦੀ ਅੱਖਾਂ ਵਿਚ
ਰੋਹ ਦੇ ਸ਼ੋਲੇ ਭੜਕਦੇ ਨੇ
ਤੁਹਾਡੀ ਕਾਰਗੁਜ਼ਾਰੀ ਤਾਂ ਇਹ ਹੈ ਕਿ
''ਭੁੱਖ ਬੇਕਾਰੀ ਤੋਂ ਤੰਗ ਆ ਕਿਧਰੇ
ਸਾਰਾ ਪਰਿਵਾਰ ਕਰਦੈ ਖੁਦਕਸ਼ੀ
ਰਾਮ ਤੇ ਬੁਧ ਦੀ ਧਰਤੀ ਤੇ
ਅੱਜ ਵੀ ਨੱਚ ਰਿਹੈ ਵਿਹਿਸ਼ੀ ਸ਼ੈਤਾਨ
ਮਾਸੂਮ ਬੱਚੀਆਂ ਦੀ ਔਰਤਾਂ ਦੀ ਬੇਪਤੀ
ਨੌਜਵਾਨ ਬੁਢਿਆਂ ਦਾ ਕਤਲੇਆਮ
ਉਜਰਤਾਂ ਨੂੰ ਖਾ ਰਹੀ ਮਹਿੰਗਾਈ ਦੀ ਡੈਣ
ਕੌਮੀ ਆਰਥਿਕਤਾ ਨਿਗਲ ਰਿਹੈ ਸਰਮਾਏਦਾਰੀ ਦਾ ਦੈਂਤ
ਜਾਗੀਰਦਾਰ ਤੇ ਉਹਨਾਂ ਦੇ ਪਾਲਤੂ ਗੁੰਡੇ
ਜਦ ਵੀ ਚਾਹੁਣ
ਹਰੀਜਨ ਮਜ਼ੂਰਾਂ ਦੀ ਝੁਗੀਆਂ
ਦੇਂਦੇ ਨੇ ਸਾੜ
ਨਿਹੱਥੇ ਕਾਮਿਆਂ ਦੀ ਵੱਢ ਟੁੱਕ
ਲੁੱਟੀ ਜਾਂਦੀ ਹੈ ਉਹਨਾਂ ਦੀਆਂ
ਧੀਆਂ ਤੇ ਭੈਣਾਂ ਦੀ ਇੱਜ਼ਤ ਸ਼ਰੇਆਮ
ਹਲਕੇ ਬੂਹਲੀ ਕੁੱਤੇ
ਹਰਲ ਹਰਲ ਕਰਦੇ ਫਿਰ ਰਹੇ ਨੇ
ਪਿੰਡਾਂ ਸ਼ਹਿਰਾਂ ਗਲੀਆਂ ਬਜ਼ਾਰਾਂ ਦੇ ਵਿਚ
ਖੁਦ ਤੁਹਾਡੇ ਲਾਡਲੇ
ਕਰ ਰਹੇ ਨੇ ਕਾਨੂੰਨ ਦੀ ਮਿੱਟੀ ਪਲੀਤ
ਕੌਣ ਉਹਨਾਂ ਨੂੰ ਸਕਦਾ ਹੈ ਰੋਕ
ਸਮਗਲਿੰਗ ਅਯਾਸ਼ੀ ਤੋਂ
ਉਹਨਾਂ ਦੀ ਪਿੱਠ ਤੇ ਤੁਹਾਡਾ ਥਾਪੜਾ
ਸਾਥ ਉਹਨਾਂ ਦੇ ਖੂਨੀ ਗੁੰਡਿਆਂ ਦੀ ਧਾੜ
ਪਰ ਲੋਕ ਜਿਨਾਂ ਦਾ
ਭਰ ਚੁਕਾ ਹੈ ਪੈਮਾਨਾ ਸਬਰ ਦਾ
ਜਬਰ ਉਹਨਾਂ ਹੋਰ ਹੁਣ ਸਹਿਣਾ ਨਹੀਂ
ਤੁਹਾਡੀ ਅਸਲੀਅਤ ਦਾ
ਉਹਨਾਂ ਨੂੰ ਲਗ ਚੁਕਾ ਹੈ ਪਤਾ
ਝੂਠੇ ਐਲਾਨ ਤੇ ਹੁਣ ਕਿਸੇ ਨਹੀਂ ਰੀਝਣਾ
ਤੁਸੀਂ ਜਿਨਾਂ ਨੇ ਕੰਧਾਂ ਤੇ ਲਿਖੇ
ਇਸ਼ਤਿਹਾਰਾਂ ਦੀ ਸੈਨਤ ਨਹੀਂ ਸਮਝੀ
ਤੇ ਨਾਂ ਹੀ ਲੋਕਾਂ ਦੀ ਆਵਾਜ਼ ਨੂੰ
ਸੁਨਣ ਦਾ ਕੋਈ ਯਤਨ ਕੀਤਾ ਹੈ
ਕਿਉਂ ਜੋ ਤੁਹਾਨੂੰ ਤਾਂ ਤੁਹਾਡੇ ਜਮੂਰੇ
ਸਭ ਅੱਛਾ ਹੀ ਦਸਦੇ ਰਹੇ ਨੇ
ਪਰ ਸੱਚ ਤਾਂ ਇਹ ਹੈ ਕਿ
ਤੁਹਾਡੇ ਲੋਟੂ ਸਿੰਘਾਸਨ ਨੂੰ
ਲਗ ਚੁਕਾ ਹੈ
ਤੁਹਾਡੇ ਕੁਕਰਮਾਂ ਦਾ ਘੁਣਾਂ
ਕਾਠ ਦੀ ਹਾਂਡੀ
ਸਿਰਫ ਇਕ ਵਾਰ ਚੜ੍ਹਦੀ ਹੈ
ਤੁਸੀਂ ਹੁਣ ਜਦ ਵੀ ਡਿਗੋਗੇ
ਮੂੰਹ ਦੇ ਭਾਰ ਡਿਗੋਗੇ
ਫਿਰ ਉਠਿਆ ਨਹੀਂ ਜਾਣਾ
ਹੁਣ ਝੁੱਖੜ 'ਚ ਜੰਗਲ ਚੋਂ
ਜੋ ਅੱਗ ਦੀ ਲਾਟ ਉਠੇਗੀ
ਹਨੇਰਾ ਚੀਰ ਸੁਟੇਗੀ
ਬਰਫ ਸਭ ਪਿਘਲ ਜਾਵੇਗੀ
ਤੇ ਮੌਸਿਮ ਬਦਲ ਜਾਵੇਗਾ ।

0 0 0

## ਗ਼ਜ਼ਲ

ਆਤਮਾ ਰਾਮ, ਕਿਸ਼ਨ ਪੁਰੀ

ਜ਼ਾਲਿਮਾਂ ਏ ਜ਼ੁਲਮ ਤੋਂ ਡਰਨਾ ਨਹੀਂ ।
ਪੈਰ ਪਿੱਛੇ ਹੁਣ ਅਸੀਂ ਧਰਨਾ ਨਹੀਂ ।
ਆਸ਼ਿਕਾਂ ਦੇ ਵਾਂਗ ਹੋਣਾ ਹੈ ਸ਼ਹੀਦ,
ਬੁਜ਼ਦਿਲਾਂ ਦੇ ਵਾਂਗ ਹੁਣ ਮਰਨਾ ਨਹੀਂ ।
ਝੂਠ ਦਾ ਬੇੜਾ ਭੰਵਰ ਵਿਚ ਗ਼ਰਕਣੈਂ,
ਝੂਠ ਦਾ ਬੇੜਾ ਕਦੇ ਤਰਨਾ ਨਹੀਂ ।
ਹੋਰ ਕਰ ਲੈ ਸਿਤਮ ਓ ਜ਼ਾਲਿਮਾਂ ।
ਪਰ ਸਿਤਮ ਤੇਰਾ ਅਸੀਂ ਜਰਨਾ ਨਹੀਂ ।
ਲਾਰਿਆਂ ਤੇ ਬਹੁਤ ਚਿਰ ਹਾਂ ਜੀਅ ਲਏ,
ਲਾਰਿਆਂ ਦੇ ਨਾਲ ਹੁਣ ਮਰਨਾ ਨਹੀਂ ।
ਤੇਰੀ ਹਮਦਰਦੀ ਤਾਂ ਇਕ ਪਾਖੰਡ ਹੈ,
ਹੁਣ ਤਿਰਾ ਵਿਸ਼ਵਾਸ਼ ਮੈਂ ਕਰਨਾ ਨਹੀਂ ।
''ਕਿਸ਼ਨ ਪੁਰੀਆ'' ਸੱਚ ਜਿੱਤੂਗਾ ਜ਼ਰੂਰ,
ਝੂਠ ਹਰਨੈਂ, ਸੱਚ ਨੇ ਹਰਨਾ ਨਹੀਂ ।

0

# ਚਿਰਾਗ

ਸੁਰਿੰਦਰ ਧੰਜਲ

ਗੱਲ ਅਸਲ 'ਚ ਅਲਾਦੀਨ ਦਾ ਚਿਰਾਗ ਖੋਹਣ ਤੋਂ ਚੱਲੀ ਸੀ
ਚਿਰਾਗ: ਜਿਸ 'ਚ ਨਵਜੰਮੇ ਬੱਚੇ ਤੋਂ ਲੈਕੇ
ਕਬਰਾਂ ਉਡੀਕਦੇ ਬਜ਼ੁਰਗਾਂ ਤੱਕ ਦੀਆਂ ਅੱਖਾਂ ਦਾ ਚਾਨਣ ਬੰਦ ਸੀ
ਤੇ ਬੰਦ ਹੈ ਅਜੇ ਵੀ

ਕਾਫ਼ਲੇ ਦੇ ਮੋਹਰੀਆਂ ਨੇ ਐਲਾਨਿਆ:
"ਮਾਸੂਮ ਅਲਾਦੀਨ ਦਾ ਚਿਰਾਗ ਹਥਿਆਉਣ ਵਾਲਾ ਜਾਦੂਗਰ
ਬੱਸ ਨਦੀ ਕਿਨਾਰੇ ਰੁੱਖੜਾ ਹੀ ਸਮਝੋ!
ਇਸ 'ਬਗਲੇ ਭਗਤ' ਨੂੰ ਲਾਹੁਣ ਵਿਚ ਕਲਾਬਾਜ਼ੀਆਂ ਹਾਲੇ
ਹੰਕਾਰੇ ਬੈਠੇ ਦੇ ਸਿਰ 'ਚ
ਕਿਸੇ ਸਿਖ਼ਰ ਦੁਪਹਿਰੇ ਧਰ ਦਿਆਂਗੇ ਮੋਮ
ਪਿਘਲਕੇ ਅੱਖਾਂ 'ਚ ਪਈ
ਤਾਂ ਇਸਨੂੰ ਪਿੰਜਰੇ 'ਚ ਸੁੱਟ ਖੋਹ ਲਿਆਵਾਂਗੇ ਚਿਰਾਗ!"

ਕਾਫ਼ਲੇ ਦੀ ਇੱਕ ਨੁੱਕਰੇ ਕੁਝ ਅਸੰਤੁਸ਼ਟ ਬੋਲ ਉਭਰੇ:
"ਕਿਉਂ ਨਾ ਮੋਮ ਧਰਨ ਦੀ ਥਾਂ
ਫੇਹ ਦਈਏ ਜ਼ਾਲਮ ਜਾਦੂਗਰ ਦਾ ਸਿਰ?"
ਕਾਫ਼ਲੇ ਦੇ ਮੋਹਰੀ ਕੜਕੇ:
"ਇਹ ਸੁਆਰਥ ਦੀ ਉਸਤਾਦੀ ਹੈ ਭਲਾ!"

ਅਸੰਤੁਸ਼ਟ ਬੋਲ ਛੱਡ ਤੁਰੇ ਕਾਫ਼ਲੇ ਨੂੰ ਇਹ ਕਹਿ:
"ਸਿਰ ਤੇ ਮੋਮ ਧਰਨ ਦੀ ਕੋਸ਼ਿਸ਼ ਵੀ ਕਰਾਂਗੇ
ਤੇ ਸਿਰ ਫੇਹਣ ਦੀ ਵੀ"
'ਭੜਕਣ' ਤੇ 'ਤੜਫਣ' 'ਚ ਲਟਕਦੀ
ਉਨ੍ਹਾਂ ਦੀ 'ਕੋਸ਼ਿਸ਼ ਜਾਰੀ ਹੈ' ਹਾਲੇ ਤੱਕ

ਅਲਾਦੀਨ ਦੀ ਦਿਲ-ਚੀਰਵੀਂ ਕੁਰਲਾਹਟ ਨੂੰ
ਇਸ ਕੋਸ਼ਿਸ਼ ਤੋਂ ਮਾਯੂਸ ਤੱਕ
ਕੁਝ ਤਲੀਆਂ ਤੇ ਧਰੇ ਸਿਰਾਂ ਨੇ ਬਾਹਾਂ ਉਲਾਰੀਆਂ:
"ਅਸੀਂ ਫੰਡੀ ਜਾਦੂਗਰ ਦੇ ਖ਼ਿਲਾਫ਼ ਐਲਾਨਿ-ਜੰਗ ਕਰਦੇ ਹਾਂ!"
ਅਤੇ ਵਾਹੋਦਾਹੀ ਤੁਰ ਪਏ ਜਾਦੂਗਰ ਦੇ ਬਹੁ-ਮੰਜ਼ਲੇ ਮਹਿਲ ਵੱਲ

ਜਲਾਲੇ ਚਿਹਰਿਆਂ ਨੂੰ ਭਾਂਪ
ਸਹਿਮੇ ਜਾਦੂਗਰ ਨੇ ਪਾਲਤੂ ਸਾਥੀਆਂ ਨੂੰ ਕਿਹਾ:
"ਰੋਕ ਦਿਓ ਇਨ੍ਹਾਂ ਸਿਰ-ਫਿਰਿਆਂ ਨੂੰ ਚਿਰਾਗ ਦੀ ਅੱਗ ਵਿਚ—
ਜਿਸ ਦੀ ਰੌਸ਼ਨੀ ਨੂੰ
ਇਹ ਪਿਓ ਦੀ ਮਲਕੀਅਤ ਸਮਝ ਲੁੱਟਣ ਤੁਰੇ ਨੇ
ਜਿਸ ਵਿਚ ਹਰੇ-ਭਰੇ ਖ਼ੇਤ ਇਨ੍ਹਾਂ ਦੀ ਰੱਤ ਨਾਲ—
ਜਿਨ੍ਹਾਂ ਖੇਤਾਂ ਨੂੰ
ਇਹ ਪੇਂਡੂ ਸੀਰੀਆਂ ਦੇ ਮੁੜਕੇ ਹੱਥ ਸੌਂਪਣਾ ਚਾਹੁੰਦੇ
ਭੁੰਨ ਦਿਓ ਇਨ੍ਹਾਂ ਨੂੰ ਕਿਸੇ ਨਹਿਰ ਦੇ ਕੰਢੇ ਤੇ—
ਜਿਸ 'ਚੋਂ ਇਨ੍ਹਾਂ ਨੂੰ ਸਤਲੁਜ ਦੇ ਪਾਣੀ ਦੀ ਬਦਬੋ ਆਉਂਦੀ ਹੈ
ਤੇ ਭੁੱਜਦੇ ਰਹਿਣ ਦਿਓ
ਇਨ੍ਹਾਂ ਦੇ ਮਾਂ-ਪਿਓ ਭੈਣ-ਭਰਾ ਤੇ ਮਹਿਰਮਾਂ ਨੂੰ
ਵਿਛੋੜੇ ਦੀ ਅੱਗ ਵਿਚ!"
ਅੱਗ ਦੀ ਇਸ ਖੇਡ 'ਚ ਭੁੱਜਦੇ ਸਿਰਾਂ ਨੇ ਦੱਸਿਆ
"ਕਾਫ਼ਲੇ ਦੇ ਹੰਭੇ ਹਾਰੇ ਮੋਹਰੀਓ!
ਧੁੱਪ-ਛਾਂ ਵਾਂਗ ਰੰਗ ਬਦਲੀ ਕਰਨ ਵਾਲਿਓ ਅਸੰਤੁਸ਼ਟ ਆਵਾਜ਼ੋ!!
ਅਸੀਂ ਚਿਰਾਗ ਦੀ ਰੌਸ਼ਨੀ ਦੇ ਸੱਚੇ ਆਸ਼ਕ ਹਾਂ
ਮਹਿੱਟਰ ਭਟਕਣ ਵਰਗੀ ਜ਼ਿੰਦਗੀ ਅਪ੍ਰਵਾਨ ਹੈ ਸਾਨੂੰ
ਜੰਗਲ 'ਚ ਚਹਿਕਦੇ ਪੰਛੀਆਂ ਨੂੰ ਪੁੱਛੋ
ਖੁੱਲੀ ਹਵਾ 'ਚ ਤਾਰੀਆਂ ਲਾਉਣ ਦੀ ਖ਼ਾਹਿਸ਼
ਕੋਈ ਸਾਜ਼ਿਸ਼ ਨਹੀਂ ਹੁੰਦੀ!"
ਅੱਗ ਦੀ ਇਸ ਖੇਡ 'ਚ ਬਚੇ ਅਧਭੁੰਨੇ ਸਿਰਾਂ ਨੇ
ਜਰ ਲਿਆ ਜਾਦੂਗਰੀ-ਤਪਸ਼ ਦਾ ਸਿਖ਼ਰਲਾ ਤਾਪਮਾਨ
ਤੇ ਪਰਤ ਪਏ ਸਾਹਸ ਕਦਮੀਂ ਜ਼ਖ਼ਮਾਂ ਦੇ ਅੰਗੂਰ ਭਰਨ ਤੱਕ

ਤੇ ਮੈਂ ਇਹੀ ਦੱਸ ਰਿਹਾ ਸੀ:
ਕਿ ਉਂਞ ਤਾਂ ਐਲਾਨਿ-ਜੰਗ ਤੋਂ ਬਾਅਦ
ਮੈਦਾਨਿ-ਜੰਗ ਵਿਚੋਂ ਮਰ ਜਾਣਾ ਹੀ ਸੂਰਮਗਤੀ ਦੀ ਸਿਖ਼ਰ ਹੁੰਦੀ ਹੈ
ਪਰ ਮੈਦਾਨਿ-ਜੰਗ 'ਚੋਂ ਪਰਤਿਆ ਹਰ ਸਿਪਾਹੀ
ਬੁਜ਼ਦਿਲ ਭਗੌੜਾ ਨਹੀਂ ਹੁੰਦਾ ... ...

● WINDSOR, ONTARIO

# ਗੀਤ

ਦੇਵ ਰਾਊਕੇ

ਸਾਡਿਆਂ ਭਰਾਵਾਂ ਦਾ ਤੂੰ ਖ਼ੂਨ ਪੀਨੈਂ ਜ਼ਾਲਮਾਂ ਵੇ,
ਹੈ ਵੇ! ਤੇਰਾ ਕੱਖ ਨਾ ਰਹੇ।
ਮਾਈ ਭਾਗੋ ਦੀਆਂ ਧੀਆਂ ਸਾਨੂੰ ਕੌਣ ਕਹੂ ਵੇ,
ਜੇ ਨਾ ਤੇਰੇ ਬਦਲੇ ਲਏ।………………

ਕੱਲ੍ਹ ਪੇਸ਼ ਕੀਤੀ ਹੈ ਈਰਾਨੀਆਂ ਨੇ ਜੱਗ ਵਿਚ,
ਪਾਪੀਆ ਵੇ ਆਪਣੀ ਮਿਸਾਲ।
ਸਾਡੇ ਨਾਲ ਜਿਹੜੀਆਂ ਵਧੀਕੀਆਂ ਤੂੰ ਕਰੀ ਜਾਨੈਂ
ਹਊ ਤੇਰਾ ਉਹਨਾਂ ਵਾਲਾ ਹਾਲ।
ਸਾਡੇ ਜਜ਼ਬਾਤ ਲਾਲ ਸੂਹੇ ਹੋ ਗਏ ਜ਼ਾਲਮਾਂ ਵੇ,
ਵੰਗਾਂ ਲਾਹਕੇ ਪਹਿਨਣੇ ਕੜੇ।………………

ਵੀਰੇ ਦੀਆਂ ਮਾਈਆਂ ਵਿੱਚੇ ਰਹਿ ਗਈਆਂ ਰਲਾਈਆਂ,
ਪੂਰਾ ਹੋਇਆ ਨਾ ਕੋਈ ਸਗਨਾਂ ਦਾ ਚਾਅ।
ਬਿਨਾਂ ਹੀ ਕਸੂਰ ਸਾਡਾ ਵੀਰਾ ਤੂੰ ਸ਼ਹੀਦ ਕੀਤਾ
ਸਾਨੂੰ ਬੰਨ੍ਹ ਆਂਦਰਾਂ ਦਾ ਤਾਅ।
ਭੈਣਾਂ ਦੀਆਂ ਆਂਦਰਾਂ ਭੀ ਤਦੇ ਹੋਣ ਠੰਢੀਆਂ ਵੇ,
ਤੇਰੇ ਘਰ ਸੱਥਰ ਬਹੇ।………………

ਥੋਡੇ ਅੱਗੇ ਆਊ ਵੇ ਬੇਦਾਵਾ ਦੇਣ ਵਾਲਿਓ,
ਜੁਝਾਰੂਆਂ ਨਾਲ ਕੀਤਾ ਜੋ ਦਗਾ।
ਤੁਸੀਂ ਘਰੇ ਬੈਠੋ ਅਸੀਂ ਚਲੀਆਂ ਹਾਂ ਜੰਗ ਵਿਚ,
ਘਰੇ ਸਾਥੋਂ ਜਾਂਦਾ ਨਾ ਬਿਹਾ।
ਸਿਰੀਂ ਲੈ ਲਓ ਚੁੰਨੀਆਂ ਤੇ ਪਹਿਨੋਂ ਤੁਸੀਂ ਚੂੜੀਆਂ,
ਸਾਡੇ ਹੱਥੀਂ ਪਾ ਦਿਉ ਕੜੇ।………………

ਆਊ ਨੀ ਸਹੇਲੀਓ ਹੈ ਯੱਗ ਕੁਰਬਾਨੀਆਂ ਦਾ,
ਆਪਾਂ ਵੀ ਤਾਂ ਹਿੱਸਾ ਲਈਏ ਪਾ।
ਖਿੱਚ ਕੇ ਹਜੂਮ ਵਿਚ ਲਿਆਈਏ ਇਹਨਾਂ ਜ਼ਾਲਮਾਂ ਨੂੰ,
ਦਿਲ ਦੀਆਂ ਲਈਏ ਨੀ ਪੁਗਾ।
ਇੱਕੋ ਹੱਲ ਰਹਿ ਗਿਆ ਹੈ ਇਹਨਾਂ ਨਾਲ ਸਿੱਝਣੇਂ ਦਾ,
ਚੁੱਕੋ ਹਥਿਆਰ ਆਵਦੇ।………………

# ਜਨਮਦਿਨ

ਮਨਜੀਤ ਇੰਦਰਾ

ਉਮਰ 'ਚੋਂ ਇਕ ਹੋਰ ਸਾਲ
ਘੱਟ ਗਿਆ ਹੈ
ਮੇਰੀ ਬਾਰੀ ਦੇ ਬਾਹਰ
ਪਤਝੜ ਦੇ ਪੱਤੇ ਵਾਂਗ ਇਹ ਵੀ
ਕਦੋਂ ਦਾ ਸੁੱਕ ਝੜ ਜਾਵੇਗਾ—
ਕਮਰੇ ਦੀ ਇਕੱਲ 'ਚ
ਮੈਂ ਆਪਣੇ ਸੰਗ ਬਾਤਾਂ ਪਾਉਂਦੀ
ਦਰਵਾਜ਼ੇ ਤੇ ਤੇਰੀ
ਦਸਤਕ
ਜਾਂ ਕਦੀ ਬਾਰੀ 'ਚੋਂ ਝਾਕਦੀ
ਤੇਰੀ ਉਡੀਕ ਕਰ ਰਹੀ ਹਾਂ
ਸਮਾਂ ਪਰ ਲਾ ਕੇ ਉੱਡ ਗਿਆ ਹੈ
ਸੋਲ੍ਹਾਂ ਸ਼ਿੰਗਾਰ ਕਰਦਿਆਂ
ਮੇਰੇ ਹੱਥਾਂ 'ਚ ਫੜਿਆ ਸ਼ੀਸ਼ਾ
ਕੀਰਚਾਂ ਹੋ ਗਿਆ ਹੈ
ਮੇਰੇ ਹੱਥ ਲਹੂ-ਲੁਹਾਣ ਹੋ ਗਏ
ਮੈਂ ਇਹ ਲਹੂ
ਆਪਣੀ ਮਾਂਗ 'ਚ
ਭਰ ਲਿਆ ਹੈ—
ਦੂਰੋਂ
ਟਾਪਾਂ ਦੀ ਆਵਾਜ਼
ਸੁਣਾਈ ਦੇ ਰਹੀ ਹੈ
ਤੇ ਮੈਨੂੰ ਲਗ ਰਿਹੈ
ਕਿ ਤੂੰ ਪਰੀ-ਕਥਾ ਦੇ ਕੁਮਾਰ ਵਾਂਗ
ਉਡਣੀ ਘੋੜੀ ਤੇ ਸਵਾਰ ਹੋਏ ਆਵੇਂ
ਮੈਨੂੰ ਲੈ ਕੇ ਜਾਏਂਗਾ—
ਤਾਰਿਆਂ ਜੜੇ ਸਾਲੂ 'ਚ ਵਲ੍ਹੇਟੀ
ਚੰਨ ਦੇ ਡੋਲੇ 'ਚ
ਮੈਂ ਤੇਰੇ ਵਿਹੜੇ 'ਚ ਪੱਬ ਧਰਾਂਗੀ......
ਇਕ ਚੀਸ ਸੀਨੇ 'ਚ ਉਠੀ ਹੈ
ਅੱਖਾਂ 'ਚ ਤੇਰੀ ਉਡੀਕ ਦੇ ਦੀਵੇ
ਜਗ ਰਹੇ ਨੇ—
ਸਮਾਂ ਮੁੱਠੀਆਂ 'ਚ ਘੁੱਟੀ
ਰੇਤ ਵਾਂਗ
ਕਿਰ ਗਿਆ ਹੈ—
ਮੈਂ ਆਪਣੀਆਂ ਸੁਗਾਤਾਂ ਦੱਬ
ਬਾਹਰ ਸਮੁੰਦਰ ਵਲ ਤੁਰ ਪਈ ਹਾਂ
ਕਿਨਾਰੇ ਤੇ ਖਿੰਡੇ ਸਿੱਪੀਆਂ
ਇਕੱਠੇ ਕਰ ਰਹੀ ਹਾਂ—
ਕੋਈ ਘੋਗਾ ਲਭਦਾ ਨਹੀਂ
ਜਿਸ ਸਿੱਪ 'ਚ ਮੋਤੀ ਨਹੀਂ—
ਤੇ ਸਾਰੇ ਸਮੁੰਦਰ ਉਪਰ
ਤੇਰੀ ਆਵਾਜ਼ ਗੂੰਜ ਰਹੀ ਹੈ
ਮੈਂ ਪਾਣੀ ਵਿਚ ਠਿੱਲ੍ਹ ਪਈ ਹਾਂ
ਪਰ ਮੈਂ ਤਾਂ
ਮਿੱਟੀ ਦੇ ਘੜੇ ਵਾਂਗ
ਖੁਰ ਰਹੀ ਹਾਂ—
ਕੰਢੇ ਤੇ ਖਲੋਤੀ
ਸੋਚਦੀ ਹਾਂ
ਕਿਨਾਰੇ ਕਿਨਾਰੇ
ਤੇਰੀ ਆਵਾਜ਼ ਮਗਰ
ਦੌੜ ਪਵਾਂ
ਦੌੜਦੀ ਹਾਂ
ਪਰ ਮੈਂ ਤਾਂ
ਰੇਤ ਢਲਾਣੀ ਤੇ ਖੜੀ ਹਾਂ
ਜੀਵਣ ਜੂਹੇ ਚੋਂ ਦੂਰ ਜਾਵਾਂਗੀ—
ਫਿਰ ਸੋਚਦੀ ਹਾਂ
ਪਾਣੀਆਂ ਵਿਚ ਡਲ਼ਕਾਂ ਮਾਰ
ਡੁੱਬ ਜਾਵਾਂ
ਪਰ ਤੂੰ ਨਾ ਪਾਣੀਆਂ ਤੇ ਨਜ਼ਰ—
ਤੇ ਨਾ ਹੀ ਅਕਾਸ਼ ਉਤੇ— ਆਉਣਾ ਹੈ
ਉਡਣੀ ਘੋੜੀ ਤੇ ਉਤਰਿਆ ਹੈ—
ਪਰ ਜੇ ਮੈਂ ਡੁੱਬ-ਕਿਰ ਗਈ
ਤਾਂ ਤੇਰੀ ਸਫ਼ਰ-ਚੇਤਨਾ
ਜਾਂ ਤੇਰਾ ਪਰੀ-ਕਥਾ ਦੀ ਕਥਾ ਵਿਚਲੇ
ਰਾਜ ਕੁਮਾਰ ਵਾਂਗ ਉਤਰਨਾ ਮੁਕ ਜਾਏਗਾ
ਏਸੇ ਨੂੰ ਬਚਾਉਣ ਲਈ
ਮੈਂ ਫੇਰ ਕਮਰੇ 'ਚ ਪਰਤ ਆਈ ਹਾਂ—
ਆਪਣੀ ਉਮਰ ਨੂੰ
ਘਟ ਗਿਆ
ਇਹ ਇਕ ਹੋਰ ਸਾਲ
ਸਿਮਰਦਾ ਤੱਕ ਰਹੀ ਹਾਂ—
ਉਮਰ ਦੇ ਇਕ ਨਵੇਂ ਸਾਲ ਨੂੰ
ਅਸਾਂ ਆਪਣੀ
ਸੁੱਚਤ ਦੇ ਸੋਗ ਨਾਲ
ਸ਼ਾਂਤ ਵਾਂਗ ਮਨਾਉਣਾ ਸੀ
ਪਰ ਮੈਂ ਤਾਂ ਇਕੱਲੀ
ਖੋਰੀ ਘੁੱਗ ਰਹੀ ਹਾਂ
ਜਨਮ ਤੇ ਮਰਨ ਦੀ
ਖਿੜਕੀਆਂ 'ਚੋਂ ਗੁਜ਼ਰ ਰਹੀ ਹਾਂ।

•

# ਸ਼ਹੀਦਾਂ ਦੇ ਨਾਂ

ਸੁਰਜੀਤ ਸਿੰਘ ਬੱਗਾ
(WEST GERMANY)

ਧੜਕਨ ਸੀ ਜੋ ਸੀਨੇ ਵਰਗਾ,
ਜਿੰਦੀ ਵਿਚ ਭੁਲਾ ਆਇਆ ਹਾਂ।
ਆਉਂਦੇ ਸੀ ਜੋ ਮੇਰੇ ਰਾਹੀਂ,
ਉਨ੍ਹਾਂ ਦੇ ਨਾਂ ਲਾ ਆਇਆ ਹਾਂ।
ਡਿੱਗ ਡਿੱਗ ਕੇ ਧਰਤੀ ਮਾਂ ਤੇ,
ਮੈਂ ਤੁਰਨਾ ਸਿੱਖ ਆਇਆ ਹਾਂ।
ਮੋਹਣੀ ਪਿਆਰੀ ਪਿਆਰੀ ਜਿੰਦੀ,
ਮੌਤ ਤੇ ਲਾ ਆਇਆ ਹਾਂ।
ਕੀ ਸੀ ਦਿਨ ਤੇ ਕੀ ਸੀ ਘੜੀਆਂ
ਜਿਨ੍ਹਾਂ ਨੂੰ ਪਿੱਛੇ ਛੱਡ ਆਇਆ ਹਾਂ।
ਚੁੰਮ ਚੁੰਮ ਕੇ ਫਾਂਸੀ ਦੇ ਰੱਸੇ
ਇਕ ਨਵਾਂ ਦੇਸ਼ ਵਸਾ ਆਇਆ ਹਾਂ।
ਹੱਸਦੇ ਵੇਖਣ ਲਈ ਮੈਂ ਰਾਹੀ,
ਆਪਣਾ ਆਪ ਲੁਟਾ ਆਇਆ ਹਾਂ।
ਧੜਕਨ ਸੀ ਜੋ ਸੀਨੇ ਵਰਗਾ
ਜਿੰਦੀ ਵਿਚ ਭੁਲਾ ਆਇਆ ਹਾਂ।

•

# ਸਦੀਵੀ ਮਿਲਣੀ

-ਸਾਧੂ

ਉਹ ਉਸ ਪਤਝੜ ਦੇ ਦਿਨ ਨਹੀਂ
ਅੱਧੀ ਰਾਤੀਂ ਉਠ ਕੇ ਰੋਣਾ
ਮਾਂ ਨੂੰ ਕਹਿਣਾ
'ਹਰੇ ਅਸਮਾਂ ਵਾਲਾ ਸਾਰਤ ਗੀਤਾ ਲੈਣਾ' ਹੈ ਮੈਂ'
ਹਰ ਜ਼ਿਦ ਨੂੰ ਆਪਣੀ ਮੰਜ਼ਿਲ ਸਮਝਣਾ
ਇਹ ਵੀ ਕੀ ਗੱਲ ਹੋਈ
'ਤੂੰ ਨਹੀਂ ਤਾਂ ਮੈਂ ਨਹੀਂ'
ਜੀਵਨ ਤਾਂ ਇਸ ਤੋਂ ਅਗਾਂਹ ਪਾਰ ਵੀ ਹੈ
ਇਹ ਕੋਈ ਬੇ-ਵਫ਼ਾਈ ਦਾ ਇਕਰਾਰਾ ਨਹੀਂ
ਇਹ ਤਾਂ ਮੌਸਮਾਂ ਦੀ ਗੱਲ ਹੈ
ਉਸ ਮੇਰੀ ਰੁੱਤੇ ਮੇਰੇ ਜਨਮ ਦੇ ਜਸ਼ਨਾਂ ਦੀ ਪਹਿਲੀ ਚੀਕ ਸੀ ਤੂੰ
ਮੇਰੀ ਕਲਮ ਤੋਂ ਉਕਰੀ ਪਹਿਲੀ ਨਜ਼ਮ ਸੀ
ਤੇ ਉਹ ਅਜ ਵੀ ਕੋਈ ਅੱਖਰ ਕਾਗਜ਼ ਦੀ ਧਰਤੀ ਤੇ ਉਤਰਦਾ ਹੈ
ਕਿਸੇ ਨਾ ਕਿਸੇ ਪਾਸੇ ਤੂੰ ਮੌਜੂਦ ਹੁੰਦੀ ਹੈਂ।
ਬਾਹਰ ਤਾਂ ਮੌਸਮਾਂ ਦੇ ਸਾਰੇ ਪਲ ਹੁੰਦੇ ਹਨ
ਤੇ ਕਦੇ ਵੀ ਕੋਈ ਵੀ ਹੋ ਸਕਦੇ ਹਨ
ਜੇ ਦੇਖੋ ਦੇਖਦੇ ਰਾਹ ਮਿਲੇ ਹਨ ਸ਼ਿੱਦਤੀਆਂ ਨੂੰ
ਇਹ ਕੋਈ ਵਿਛੋੜਾ ਨਹੀਂ
ਇਹ ਤਾਂ ਉਹ ਸਦੀਵੀ ਮਿਲਣੀ ਹੈ
ਜਿਸ ਤੋਂ ਸ਼ੁਰੂਆਤ ਦਾ ਜਨਮ ਹੋਇਆ ਸੀ
ਤੇ ਕੀ ਇਹ ਕਾਫ਼ੀ ਨਹੀਂ
ਅੱਖਾਂ ਦੀ ਮਿਲਣੀ ਤੋਂ
ਸਦੀਆਂ ਜਨਮੀਆਂ ਸਨ ਦੋਹਾਂ ਜਿਸਮਾਂ ਅੰਦਰ।
ਇਹ ਕੋਈ ਧੋਖਾ ਨਹੀਂ
ਕਿ ਜਿਸਮ ਨਾ ਮਿਲ ਸਕੇ ਆਪਣੀ ਖੁਆਇਸ਼ ਤੱਕ
ਉਸ ਮਿਲਣੀ ਤੋਂ ਜਨਮਦਾ ਜੋ
ਧਰਤੇ ਰੁੱਖ ਨਾਲ ਵੀ ਮਰਨਾ ਸੀ।

•

# ਜਿੱਤ ਕਿ ਹਾਰ

ਗੁਰਮੀਤ ਪਨਾਗ

ਗੰਨਿਆਂ ਦੀ ਰੁੱਤੇ ਜੰਗਾ ਗੰਨਿਆਂ ਦਾ ਪਹਿਲਾ ਗੱਡਾ ਲੈ ਕੇ ਮਿੱਲ ਆਇਆ ਸੀ। ਦੁਪਹਿਰੇ ਤੁਰਕੇ ਸ਼ਾਮੀਂ ਉਹ ਗੇਟ ਦੇ ਨੇੜੇ ਪੁੱਜਾ। ਗੇਟ ਦੇ ਆਖਣ ਤੇ ਗੱਡਾ ਉਸ ਲਾਈਨ 'ਚ ਲਾ ਲਿਆ। ਉਹਦੀ ਵਾਰੀ ਹਾਲੀ ਪਤਾ ਨਹੀਂ ਕਦੋਂ ਆਉਣੀ ਸੀ? ਉਸ ਪਸ਼ੂਆਂ ਦਾ ਜੂਲਾ ਲਾਹਿਆ, ਉਨ੍ਹਾਂ ਮੂਹਰੇ ਰੁੱਗ ਰੁੱਗ ਪੱਠੇ ਸੁੱਟੇ, ਆਪ ਉਹ ਮੋਢੇ ਤੇ ਪਰਨਾ ਰੱਖ, ਬਾਕੀ ਜੱਟਾਂ ਨਾਲ ਜਾ ਗੱਲੀਂ ਲੱਗਾ।

ਪਸ਼ੂਆਂ, ਖੇਤਾਂ, ਅਤੇ ਸਮਾਜ ਦੀਆਂ ਗੱਲਾਂ ਚੱਲ ਰਹੀਆਂ ਸਨ; ਵਿਚ ਵਿਚਾਲੇ ਕਿਸੇ ਲੜਾਈ ਅਤੇ ਪਹਿਲਵਾਨ ਦੀ ਗੱਲਬਾਤ ਹੋ ਜਾਂਦੀ ਸੀ। ਹੌਲਪਿੰਡੀਆ ਸਾਥੀ, ਉਨ੍ਹਾਂ ਸ਼ਰਤਾਂ ਦਾ ਸ਼ੌਕੀ ਬਹੁਤਾ, ਹਰ ਗੱਲ ਤੇ ਟਿੱਚਰ ਕਰਦਾ ਅਤੇ ਗੱਲ ਨੂੰ ਖੜੇ ਨਹੀਂ ਸੀ ਲੱਗਣ ਦੇ ਰਿਹਾ। ਹੱਥ 'ਚ ਪੌਣ ਫੜੀ ਖੜਾ ਜੰਗਾ ਵੀ ਕਿਸੇ ਨਾ ਕਿਸੇ ਗੱਲ 'ਚ ਹੁੰਗਾਰਾ ਦੇ ਛਡਦਾ। ਗੱਲਾਂ ਤੁਰਦੀਆਂ ਤੁਰਦੀਆਂ ਗੰਨੇ ਦੀ ਪਰਚੀ ਲੈਣ ਤੱਕ ਆ ਪਹੁੰਚੀਆਂ। ਘੜੇਪਿੰਡੀਏ ਭੁਲੇ ਨੇ ਕਿਹਾ, "ਭਾਈ ਆਪਾਂ ਨੂੰ ਤੇ ਕਦੇ ਤੋਟ ਨੀ ਆਈ ਪਰਚੀ ਦੀ। ਜਦੋਂ ਮਰੇ ਆਪਣਾ ਯਾਰ ਸਰਪੰਚ ਸੁੱਚਾ ਸਿੰਘ ਲਿਆਕਤੇਵਾਲੀਆ, ਬੱਟ ਪ੍ਰਧਾਨ ਕੋਲੇ ਜਾਂਦਾ, ਗੰਨੇ ਦੀ ਪਰਚੀ ਲਿਆ ਦਿੰਦੈ। ਆਪਣਾ ਵੀ ਕੀ ਜਾਂਦਾ, ਕਦੇ ਕਦਾਈਂ ਨਸ਼ੇ ਦਾ ਘੁੱਟ ਪਿਆ ਛੱਡੀਦਾ ਸਰਪੰਚ ਨੂੰ ਪਹਿਲੇ ਤੋੜ ਦਾ।" ਤਦੇ ਫਿਰ ਗੱਡੋਂ ਰਾਮਪੁਰੀਏ ਜੁਆਲਾ ਸਿੰਘ ਨੇ ਆਖਿਆ, "ਭਾਈ ਤੈਨੂੰ ਮਿਲ ਜਾਂਦੀ ਹੋਊ ਪਰਚੀ, ਉਨ੍ਹਾਂ ਦਮਾਟ ਬੀਜਣ ਦੀ ਤਾਂ ਜਿੱਤ ਵਿਚਲੇ ਲੈਣ ਵਾਲੀ ਗੱਲ ਆ, ਸਾਨੂੰ ਤਾਂ ਪਰਚੀ ਮਿਲਦੀ ਆ ਵੀਹ ਗੇੜੇ ਮਾਰਕੇ, ਨਾਲੇ ਵਾਰੀ ਤਾਂ ਪ੍ਰਧਾਨ ਦਾ ਕੋਟਾ ਹੀ ਮੁੱਕ ਜਾਂਦੈ। ਪ੍ਰਧਾਨ ਦੇ ਹਲਕੇ ਤਾਂ ਅਫਸਰ ਲੈ ਜਾਂਦੇ ਆ। ਆਪਣੇ ਵਰਗੇ ਜੱਟ ਦੀ ਸੁਣ ਕਾਹਦੀ ਆ।" ਤਾਂ ਜੰਗਾ ਵੀ ਬੋਲਿਆ, "ਆਹੋ ਭਾਈ, ਅੱਜ ਕਲਦੀ ਨੂੰ ਦੋ ਮਹੀਨੇ ਹੋਗਿਆ, ਮੈਂ ਪਹਿਲੀ ਵਾਰ ਗੱਡਾ ਲੈ ਕੇ ਆਇਆਂ। ਪਰਚੀ ਮਿਲੀ ਆ, ਉਹ ਵੀ ਦਸ ਦਿਨ ਪਛੜ ਖੁਆਰ ਹੋਕੇ। ਖੁਰਮਪੁਰੀਏ ਸਰਦਾਰਾਂ ਵਰਗਿਆਂ ਦੇ ਤਾਂ ਘਰੇ ਪੁਜਦੀਆਂ, ਢੇਰ ਆ ਢੇਰ ਪਿਆ ਹੋਇਆ ਵੇਖੋ ਤਾਂ।"

ਸੰਤੂ ਜੱਟ ਨੇ ਤਜਰਬ ਉਤਾਂਹ ਕਰ ਪੱਗ ਦਾ ਲੜ ਠੀਕ ਕਰ ਅਵਾਜ਼ ਕੱਢੀ, "ਉਹ ਪਰਚੀ ਸਿੱਧੇ ਤਰੀਕੇ ਹੱਥ ਨਾ ਲਗਦੀ ਆ। ਤਿੰਨ ਦਿਨ ਹੋਗੇ ਖੜਿਆਂ ਨੂੰ ਇੱਥੇ ਸੜਦਿਆਂ। ਉਹ ਵਜੂਦ ਵੀ ਆਪਾਂ ਜੱਟਾਂ ਦਾ ਹੀ ਆ। ਬਾਬਾ ਟੋਟੇ ਆ ਪੈਸੇ ਵਾਲਿਆਂ ਨੂੰ ਲੋੜਦੀ, ਉਨ੍ਹਾਂ ਪਰਚੀਆਂ ਵਿਚ ਵੱਡੇ ਸਰਦਾਰਾਂ ਨੂੰ ਹੀ ਦੇਣੀਆਂ ਹੋਈਆਂ, ਤੇ ਆਪਾਂ ਵਿਚ ਸਾਂਝੀ ਪਰਚੀ ਲੈ ਕੇ ਹੀ ਖੁਸ਼ ਹੋ ਜਾਈਦੇ ਆਂ।"

ਫਿਰ ਗਰੂਰ ਨੇ ਚਿਰਾਂ ਤੋਂ ਚੁੱਪ ਸੀ ਬੋਲਿਆ, "ਹੋ ਕੇ ਨਾ 'ਕੱਠੇ ਵੇਖੋ, ਮੈਂ ਤਾਂ ਆਖਦਾਂ ਇਕਠੇ ਹੋ ਮੋਰਚਾ ਲਾਈਏ, ਫਿਰ ਹੋਊ ਕੰਮ ਸੂਤ, ਉਹ ਨਹੀਂ ਦਿੰਦੇ ਸਰਦ ਲੱਗੇ ਕਿਸੇ ਤਰ੍ਹਾਂ।"

"ਆਹੋ ਯਾਰ! ਕਰਨਾ ਹੀ ਪਊ ਕੁਝ," ਆਖਕੇ ਸੰਤੀ ਵਾਲੇ ਮਿਹਰ ਨੇ ਪੌਣ ਨੂੰ ਜ਼ੋਰ ਦੀ ਲਾਗੇ ਖੜੇ ਗੱਡੇ 'ਤੇ ਮਾਰਿਆ। ਤਦੇ ਹੀ ਮਾਛੀਪੁਰੀਏ ਫੱਗਣ ਨੇ ਕਿਹਾ, "ਭਾਈ, ਜੱਟੋ, ਪਰਚੀਆਂ ਦੀ ਗੱਲ ਤਾਂ ਫੇਰ ਦੀ ਹੋਊ, ਪਹਿਲਾਂ ਜੇ ਹਿੰਮਤ ਆ ਤਾਂ ਆਉ, ਗੱਡੇ ਹੀ ਕੁਆ ਲਈਏ, ਕਈ ਕਈ ਦਿਨਾਂ ਤੋਂ ਕੁਆ ਰਗੜਾ ਰਹੇ ਆਂ ਇਥੇ।"

ਇਹ ਗੱਲ ਸੁਣ ਕੇ ਸਾਰੇ ਚੁੱਪ ਕਿਤੇ ਹੋ ਗਏ। ਫੱਗਣ, ਮਿਹਰ ਤੇ ਫਿਰ ਹੋਰ ਗਰੂਰ ਹੀ ਤਿਆਰ ਸਨ। ਘੜੇਪਿੰਡੀਏ ਭੁੱਲੇ ਨੇ ਇਧਰ ਉਧਰ ਵੇਖ ਕੇ ਆਖਿਆ, "ਕਿਉਂ ਲਾਂਗਾਂ ਪੁਆਉਂਦੇ ਓ ਜੱਟਾਂ ਦੇ, ਆਪੇ ਲੱਗ ਜੂਗੇ ਵਿਚ ਸਾਡੇ ਵੀ ਗੱਡੇ। 'ਰਾਮ ਆ ਇਥੇ ਚੰਗਾ ਭਲਾ, ਆਉ ਜਾਕੇ ਰਾਹ ਰੂਹ ਕਰੀਏ।"

ਸਾਰੇ ਹੌਲੀ ਹੌਲੀ ਖਿੰਡ ਪੁੰਡ ਗਏ। ਜੰਗਾ ਉਥੇ ਖੜਾ ਮਿਹਰ ਹੁਰਾਂ ਦੀਆਂ ਗੱਲਾਂ ਸੁਣਦਾ ਰਿਹਾ। ਜਦੋਂ ਮਿਹਰ ਹੋਰੀਂ ਤੁਰ ਗਏ, ਉਹ ਵੀ ਤੁਰ ਆਇਆ। ਪੱਠੀ ਬੱਲੇ ਵਿਛਾਕੇ ਗੱਡੇ ਦੇ ਲਾਗੇ ਹੀ ਆਰਾਮ ਕਰਨ ਲਈ ਉਹ ਲੰਮਾ ਪੈ ਗਿਆ। ਸਵੇਰ ਤੋਂ ਆਹਰੇ ਲੱਗਾ ਉਹ ਥੱਕ ਟੁੱਟ ਗਿਆ ਸੀ; ਪਰ ਉਹਦੀਆਂ ਪਲਕਾਂ 'ਚ ਨੀਂਦ ਨਹੀਂ ਸੀ ਆ ਰਹੀ।

'ਸਾਡੀ ਕਿਸਮਤ ਹੀ ਮਾੜੀ ਆ ਸੋਹੀ ਤਾਂ। ਜੱਟਾਂ ਦੇ ਪੁੱਤ ਐਂਜਾਂ ਕਰਦੇ; ਅਸੀਂ ਜਿਉਣ ਦੇ ਸੰਸੇ ਆਂ ਧਸ ਆਪਣੀ ਖੋਗੀ ਖੋਤਦੇ ਆਂ।' ਵਰਗੀ ਸੋਚ ਨੇ ਉਹਦੇ ਹਿਰਦੇ ਨੂੰ ਕੰਬਾ ਦਿਤਾ। ਉਹਦਾ ਲੂੰਅ ਲੂੰਅ ਦੁੱਖ 'ਚ ਪਰੁੰਨਿਆ ਗਿਆ। ਬਚਪਨ 'ਚ ਪੈਂਦੀ ਬਾਪੂ ਦੀ ਕੁੱਟ, ਧੁੱਪ ਪਸ਼ੂ ਚਾਰਨ ਦੀ ਗੱਲ, ਮਤ੍ਰੇਈ ਮਾਂ ਦਾ ਮਤ੍ਰੇਆ ਸਲੂਕ, ਜੁਆਨੀ 'ਚ ਵੀ ਦੁੱਖ ਨਾਲ ਘੋਲ ਦੀਆਂ ਗੱਲਾਂ ਯਾਦ ਕਰਕੇ ਉਹਦਾ ਗੱਚ ਭਰ ਆਇਆ। ਮਾਂ ਮਰ ਗਈ। ਮਤ੍ਰੇਈ ਮਾਂ ਵੀ ਨਾ ਰਹੀ। ਬਾਪੂ ਮਰ ਗਿਆ, ਮਤ੍ਰੇਇਆ ਭਰਾ ਵੀ ਨਾ ਰਿਹਾ। ਹੁਣ ਉਹ ਇਕੱਲਾ ਸੀ ਤੇ ਚਾਰ ਨਿਆਣੇ। ਉੱਤੋਂ ਜਾਂਦਾ ਜਾਂਦਾ ਬਾਪੂ ਵਿਆਹ ਦਾ ਫਾਹਾ ਗਲ ਪਾ ਗਿਆ। 'ਰੱਬਾ ਆਪ ਖਾਵਾਂ ਕਿ ਉਨ੍ਹਾਂ ਨੂੰ ਖੁਆਵਾਂ; ਐਂਹ ਜੇ ਨਾਲੋਂ ਤਾਂ ਸਾਧ ਹੋਣਾ ਚੰਗਾ।' ਇਹ ਸਭ ਕੁਝ ਸੋਚ,

20 ਜਦੋਂ ਉਹਨੂੰ ਛੋਟੇ 'ਪੱਪੇ' ਦੀਆਂ ਤੋਤਲੀਆਂ ਗੱਲਾਂ ਯਾਦ ਆਈਆਂ ਤਾਂ ਉਹਦਾ ਮਨ ਰਤਾ ਕੁ ਪਰਤ ਗਿਆ। ਫਿਰ ਸੋਚਾਂ 'ਚ ਹੀ ਉਹਨੂੰ ਨੀਂਦ ਆ ਗਈ।

ਰਾਤ ਕਾਫ਼ੀ ਕੁ ਪਾਸਾ ਪਰਤ ਗਈ ਸੀ। ਉਸ ਹਲਾ ਗੁਲਾ ਦੀ ਆਵਾਜ਼ ਸੁਣੀ। ਉਹ ਉਠਿਆ, ਵੇਖਿਆ, ਨਾਲ ਦੀ ਮੰਡੀ ਵਾਲੇ ਗੱਡੇ ਜੋਤ ਰਹੇ ਸਨ। ਨੀਂਦ ਉਹਦੀਆਂ ਪਲਕਾਂ 'ਚੋਂ ਉੱਡ ਗਈ। ਮਨ 'ਚ ਆਇਆ ਦੋ ਘੁੱਟ ਚਾਹ ਹੀ ਆਵੇ ਲਾਗੇ ਹੋਟਲ। ਜੇਬ ਫਰੋਲੀ, ਅਠਿਆਨੀ ਤੇ ਚੁਆਨੀ ਜੇਬ 'ਚ ਸੀ। ਉਸ ਚਾਹ ਪੀਤੀ। ਉਸੇ ਵੇਲੇ ਮੋਟਰ ਆ ਧਮਕਿਆ। ਗੇਜੇ ਨੇ ਪੁੱਛਿਆ ਮੇਰਾ ਨੰਬਰ ਕਦੋਂ ਲਗੂ ਮੋਟਰ ਮੈਂਬਰ? ਤਾਂ ਮੋਟਰ ਨੇ ਅਜਿਹਾ ਵੇਲ ਵਾਂਗੂ ਕਿਹਾ, "ਜੱਟ ਤਾਂ ਲੋੜ ਵੇਲੇ ਕਾਬੂ ਆਉਂਦੈ", ਮਜ਼ਾਕ ਆ ਉਂਞ ਜੇ ਚਾਹ ਹੀ ਪਿਆ ਦਵੇ," ਉਸ ਮੋਟਰ ਦੇ ਹੱਥ ਤੇ ਬਾਕੀ ਬਚਦੇ ਪੈਸੇ ਵੀ ਰੱਖ ਦਿੱਤੇ। ਮੋਟਰ ਨੇ ਉਹਨੂੰ ਨੰਬਰ ਦੱਸਿਆ। "ਫਿਰ ਹਿਸਾਬ ਨਾਲ ਤਾਂ ਸਵੇਰੇ ਵਾਰੀ ਕਲ ਕਲ ਤਰਕਾਲਾਂ ਤੱਕ ਆਊ।" ਉਸ ਸੋਚਿਆ, ਫਿਰ ਆਲੇ ਦੁਆਲੇ ਵੇਖਿਆ। ਟਰਾਲੀਆਂ, ਗੱਡੀਆਂ, ਟਰੱਕਾਂ ਦਾ ਝੁਰਮਟ ਜਿਹਾ ਪਿਆ ਹੋਇਆ ਸੀ। ਹੋਰ ਗੱਡੇ ਲਗਾਤਾਰ ਆ ਰਹੇ ਸਨ।

ਉਹ ਇਧਰ ਉਧਰ ਗਿਆ; ਬਾਕੀ ਜੱਟਾਂ ਤੋਂ ਪਤਾ ਸਾਰ ਲਈ। ਇੱਕ ਤਾਂ ਕਹਿਣ ਨੂੰ ਭੁੱਖੇ ਮਰਦਾ ਪਊ। ਸਾਡੀ ਕੋਈ ਚੀਜ਼ ਵਿਕਣੀ ਆਂ? ਰਤੇ ਦਿਹਾੜੀ ਕੋਈ ਬੈਠਾ ਲੈ ਕੇ ਤੁਰੀ ਆਊ। ਕੱਲ੍ਹ ਦੀ ਖੇਤੀ ਕਾਹਦੀ? ਤੇ ਉਸ ਸੋਚਿਆ: ਕਿਉਂ ਨਹੀਂ ਉਹ ਸਿੱਧਾ ਤੁਸਾਂ ਨੂੰ ਲੱਭ ਕੋਈ ਹੀਲਾ ਕਰਦਾ। ਤਦੇ ਸਿੱਧਾ ਹੁਣੀ ਉਹਨੂੰ ਪਹਿਲਾਂ ਆਉਂਦੇ ਦਿਸੇ। ਉਹ ਬੋਲਿਆ, "ਆਉ ਯਾਰ! ਕੁਝ ਕਰੀਏ, ਐਦਾਂ ਤਾਂ ਨੀ ਕੁਝ ਬਣੇ।" ਉਹ ਜੱਟਾਂ ਨੂੰ ਸਮਝੌਂਦੇ, 'ਕੱਠੇ ਕਰਦੇ, ਮੁਸੀਬਤਾਂ ਦੇ ਰਲਵਾਂ ਦੇ ਗਲ ਜਾ ਪਏ। ਵੀਹ ਪੱਚੀ ਜੱਟ ਸਾਹਮਣੇ ਵੇਖ, ਉਸ ਪੈਂਤੜਾ ਆਖਿਆ, "ਮੈਂ ਹੁਣੇ ਹੀ ਪ੍ਰਧਾਨ ਨੂੰ ਲੈ ਕੇ ਆਉਨਾਂ, ਮੈਂ ਤਾਂ ਵੇਖ ਲਵਾਂ, ਕਿਵੇਂ ਨੀ ਲਗਦੇ ਗੱਡੇ ਆਪਣੇ?" ਤੇ ਉਹ ਖਿਸਕ ਗਿਆ। ਜੱਟ ਪਰਾਂ, ਤੇਥੇ ਖੂਬ ਕਰਦੇ ਇਧਰ ਉਧਰ ਫਿਰਦੇ ਰਹੇ। ਉਹ ਫਿਰ ਮੋਟਰ ਕੋਲ ਜਾ ਖੜ੍ਹੇ, ਪਈ ਤੂੰ ਸਾਡੇ ਗੱਡੇ ਨੀ ਲੁਆ-ਉਂਦਾ। ਉਹ ਆਖਣ ਲੱਗਾ, "ਮੇਰਾ ਨੀ ਬਸ ਚਾਈ, ਅਫਸਰਾਂ ਨੂੰ ਕਹੋ ਮੈਂ ਹੁਣੇ ਲੁਆ ਦੇਨਾਂ ਟਰਾਲੀਆਂ ਰੋਕ ਕੇ, ਮੇਰਾ ਕੋਈ ਕਿੱਤ ਦੁਖੂ। ਮੈਂ ਤੇ ਆਪ ਆਹਨਾਂ ਬਾਹੀ ਡੰਗਰ ਵਿਚਾਰੇ ਕਈ ਦਿਨਾਂ ਦੇ ਭੁੱਖੇ ਮਰ ਰਹੇ ਆ, ਪਰ ਸਾਡੀ ਕੋਈ ਸੁਣੇ ਈ।" ਅਫਸਰਾਂ ਨੂੰ ਮਿਲਣ ਨੂੰ ਕਿਸੇ ਦਾ ਹੌਸਲਾ ਨਹੀਂ ਸੀ ਪੈ ਰਿਹਾ। ਗੇਜਾ ਸੋਚ ਰਿਹਾ ਸੀ, ਮੈਂ ਕਿਵੇਂ ਕਰਾਂਗਾ ਗੱਲ ਉਹਦੇ ਨਾਲ, ਮੈਨੂੰ ਤਾਂ ਕੋਈ ਗੱਲ ਨੀ ਕਰਨੀ ਆਉਂਦੀ। ਮੋਹਰੀ ਵਾਲਾ ਸਿੱਧਾ ਵੀ ਫ਼ਿਕਰ ਰਿਹਾ ਸੀ। ਜੱਟ ਵੀ ਵਿਰਲ ਵਿਰਲ ਪਏ ਕਰਦੇ ਸਨ। ਤਦੇ ਆਪੋਧਾਪੀ ਭਗਣ ਨੇ ਖਿੜ ਸਾਂਭਿਆ, "ਬਈ 'ਕੱਠੇ ਹੋਕੇ ਪਾੜੂਆਂ ਵਾਂਗੂ ਪੈ ਜਾਓ।" ਅਤੇ ਉਹ ਸਾਰੇ ਮੈਨੇਜਰ ਦੇ ਦਫ਼ਤਰ ਜਾ ਵੜੇ। ਉਥੇ ਮੈਨੇਜਰ ਤੇ ਹੈ ਨਹੀਂ ਸੀ ਛੋਟਾ ਸਾਹਿਬ ਡਿਊਟੀ ਤੇ ਹਾਜ਼ਰ ਸੀ। ਉਹ ਐਨੇ ਜੱਟਾਂ ਨੂੰ ਦਫ਼ਤਰ 'ਚ ਵੇਖ ਘਬਰਾ ਉਠਿਆ, "ਕੀ ਗੱਲ ਆ? ਕਿਵੇਂ ਆਏ ਓ ਸਰਦਾਰ ਜੀਓ?" ਛੋਟੇ ਅਫਸਰ ਨੇ ਇਕ ਜੱਟ ਵੱਲ ਵੇਖ ਪੁੱਛਿਆ। ਭਗਣ ਚੁਪ ਜਿਹਾ ਖੜਾ ਸੀ। ਗੇਜਾ ਅਚਾਨਕ ਬੋਲਿਆ, "ਆਉਣਾ ਕਿਵੇਂ ਆਂ। ਗੱਡੇ ਲੁਆਊ ਸਾਡੇ ਤਿੰਨਾਂ ਦਿਨਾਂ ਦੇ ਖੜੇ ਆਂ।"

"ਵਾਰੀ ਤੇ ਲੱਗ ਜਾਣਗੇ, ਸਰਦਾਰ ਜੀ" ਛੋਟੇ ਅਫਸਰ ਨੇ ਮਸਤੀ ਨਾਲ ਜਵਾਬ ਦਿੱਤਾ।

"ਬਾਕੀ ਟਰਾਲੀਆਂ, ਟਰੱਕ ਵਾਰੀ ਨਾਲ ਲੱਗਦੇ ਆ? ਅਸੀਂ ਤਾਂ ਲਾਕੇ ਜਾਵਾਂਗੇ।" ਗੇਜੇ ਨੇ ਕਚੀਚੀ ਵੱਟਦਿਆਂ ਕਿਹਾ। ਬਾਕੀ ਜੱਟ ਵੀ ਬੋਲਣ ਲਗ ਪਏ, ਵਾਹਵਾ ਰੌਲਾ ਪੈ ਗਿਆ।

"ਅਸੀਂ ਇੱਥੇ ਖੜ੍ਹੀ ਕਰ ਦਿਆਂਗੇ, ਸਾਡੇ ਗੱਡੇ ਸਵੇਰ ਤੱਕ ਨਾ ਲੱਗੇ ਤਾਂ।" ਭਗਣ ਨੇ ਕਿਹਾ।

"ਸਾਨੂੰ ਲੁਆਉਣੇ ਐਦੇ ਆ ਗੱਡੇ" ਆਖ ਗੇਜੇ ਨੇ ਆਪਣੇ ਹੱਥ ਫੜੀ ਹੋਈ ਖੂੰਡੀ ਆਪਣੇ ਮੋਢਿਆਂ ਤੇ ਜ਼ੋਰ ਨਾਲ ਮਾਰੀ। ਅਫ਼ਸਰ ਦੀ ਨਜ਼ਰ ਗੇਜੇ ਤੇ ਟਿਕ ਗਈ। ਉਹਦੀਆਂ ਅੱਖਾਂ 'ਚ ਲਹੂ ਉਤਰਿਆ ਵੇਖ ਉਸ ਕਿਹਾ, "ਜਾਊ ਲੁਆ ਦੇਨਾਂ ਹੁਣੇ ਸਾਡੇ ਗੱਡੇ।" ਉਸ ਮੋਟਰ ਨੂੰ ਸਦਦਾ ਭੇਜਿਆ।

ਹਲਾ ਗੁਲਾ ਕਰਦੇ ਜੱਟ ਖੁਸ਼ੀ ਅਤੇ ਜਿੱਤ ਦੇ ਅਹਿਸਾਸ 'ਚ ਬਾਹਰ ਨਿਕਲ ਤੁਰੇ। ਉਨ੍ਹਾਂ ਆਪੋ ਆਪਣੇ ਗੱਡੇ ਆ ਜੋੜੇ। ਰਾਸ ਰੌਲੇ 'ਚ ਕਿਸੇ ਨੂੰ ਵੀ ਕਿਸੇ ਦੀ ਸੁਧ ਬੁਧ ਨਾ ਰਹੀ। ਹੁਣ ਕੋਈ ਵੀ ਕਿਸੇ ਦੀ ਗੱਲ ਨਹੀਂ ਸੀ ਸੁਣ ਰਿਹਾ।

ਮੋਟਰ ਆਇਆ। ਗੇਜੇ ਦਾ ਗੱਡਾ ਅਤੇ ਹੋਰ ਦਸ ਕੁ ਗੱਡੇ ਲਗਦਾ ਦਿੱਤੇ ਗਏ। ਵੇਖਦਿਆਂ ਹੀ ਵੇਖਦਿਆਂ ਫਿਰ ਟਰਾਲੀਆਂ ਟਰੱਕ ਲਗ ਰਹੇ ਸਨ। ਬਾਕੀ ਜੱਟ ਆਪਣੇ ਗੱਡੇ ਜੋੜੀ, ਆਪਣੀ ਵਾਰੀ ਦੀ ਉਡੀਕ 'ਚ ਮੂੰਹ ਚੁਕੀ ਖੜੇ ਸਨ।



# ਦੁੱਖੜਾ ਕਾਸੇ ਕਹੂੰ ... ...

### ਸੁਰਜੀਤ ਕਲਸੀ

"ਪਰਸੋਂ ਰਾਤੀਂ ਫੇਰ ਤਿੰਨ ਵਜੇ ਆਕੇ ਘਰ ਵੜਿਆਂ। ਰਾਤ ਦੇ ਤਿੰਨ ਤਿੰਨ ਵਜੇ ਤੱਕ ਬੈਠੀ ਉਡੀਕਦਾਂ ਥੱਕੀ ਹਾਰੀ ਜਾਂ, ਉਹ ਵੀ ਆਉਂਦੈ, ਉਹ ਵੀ, ਪਰ ਕਿਵੇਂ? ਤਿੰਨ ਵਜੇ ਪੂਰੇ ਆ ਦਰਵਾਜ਼ਾ ਖੋਲ੍ਹਿਆ; ਅੱਖਾਂ ਲਾਲ, ਪੈਰ ਥਿੜਕਦੇ। ਮੈਂ ਪੁੱਛਿਆ: "ਕਿਥੇ ਸੋ?" ਕਹਿੰਦਾ—'ਓਵਰਟਾਈਮ ਲਾਉਣਾ ਪਿਆ ਸੀ।' ਜਦੋਂ ਮੈਂ ਕਿਹਾ ਕਿ 'ਮੈਂ ਫ਼ੈਕਟਰੀ ਫੋਨ ਕਰ ਚੁੱਕੀ ਆਂ, ਉਹ ਤਾਂ ਕਹਿੰਦੇ ਪਈ ਉਹਦੀ ਦਸ ਵਜੇ ਤੱਕ ਦੀ ਸ਼ਿਫ਼ਟ ਸੀ' ਤਾਂ ਅੱਗ ਭਬੂਕਾ ਹੋ ਗਿਆ ਮੇਰੇ 'ਤੇ, ਕਹਿੰਦਾ—'ਤੂੰ ਮੇਰੀ ਚੌਕੀ ਕਰਾਉਂਦੀ ਐਂ?... ਉਹਨੂੰ ਯਾਰਾਂ ਨੂੰ ਪਤਾ ਪਤੈ ਕੋਈ ਕੰਮ ਦੇ ਆਖਿਆਂ ਕੋਈ ਨਹੀਂ, ਸਾਲੇ ਓਵਰਟਾਈਮ ਕਰਕੇ ਸੁਆਦ ਲੈਣੇ ਕੰਮ ਦੇ ਯਾਰ ਹੋਏ? ... ... ਉਹ ਤਾਂ ਚੌੜ ਹੀ ਗਿਆ, ਰਾਤ ਦੀ ਚੁੱਪ ਚਾਂਦ, ਹਟੇ ਵੀ ਨਾ, ਤਾਂ ਗੁਆਂਢੀ ਵੀ ਜਾਗਦੇ ਹੋਣਗੇ?" ਤਾਰੀ ਲਗਾਤਾਰ ਰੋਣ ਦੇ ਬੋਲੀ ਜਾ ਰਹੀ ਸੀ:

"ਉਂਜ ਵੀ, ਭਾਬੀ, ਜਦੋਂ ਉਹਦਾ ਕਸੂਰ ਆਂਵਦਾ ਹੋਵੇ ਉਦੋਂ ਵੀ ਲੜਨ ਪਏਗਾ ਗਾਂਹ ਵਰਗਾ, ਮੈਨੂੰ ਅਜੇ ਵੀ ਯਾਦ ਸੀ ਪਈ ਗਿਆ ਹੋਊ ਜਿਵੇਂ ਸਾਡੀ ਲੋਹੜੀ ਵੇਲੇ, ਫੋਨ ਕਰ ਗੁੱਸੇ ਦੇ ਪੱਕੀ ਦੀ ਕਰਤੀ, ਉਹਦਾ ਪਰਵਾਰ ਤੇ ਇਹ ਇੱਕੋ ਦੀ ਫ਼ੈਕਟਰੀ 'ਚ ਤਾਂ ਕੰਮ ਕਰਦੇ ਨੇ, ਉਹਨੇ ਗੁੱਸੇ ਨੂੰ ਦਸਿਆਂ ਪਈ ਸਗੋਂ ਪਰਸੋਂ ਦਸ ਵਜੇ ਹੀ ਫ਼ੈਕਟਰੀਓਂ ਤੁਰ ਗਿਆ ਸੀ।"

ਭਾਬੀ ਜੋ ਉਹ ਤਦ ਚੁੱਪ ਚਾਪ ਤਾਰੀ ਦੀਆਂ ਗੱਲਾਂ ਸੁਣਦੀ ਜਾ ਰਹੀ ਸੀ ਧੀਮੀ ਹੋਣਾਂਦੀ ਨਾਲ ਬੋਲੀ:

"ਅੱਛਾ, ਐਨਾ ਕੁਝ?"

"ਹਾਂ, ਭਾਬੀ, ਜਦੋਂ ਮੇਰਾ ਵਿਆਹ ਨਹੀਂ ਹੋਇਆ ਸੀ ਕਦੇ ਤਾਂ ਆਪਣੀ ਭੈਣ ਨੂੰ ਨਾਲ ਲੈਕੇ, ਤਾਂ ਇਹਨਾਂ ਦੀ ਪਹਿਲੀ ਸੂਰਤ ਵਿਚੋਂ ਸੀ ਪਈ ਕੁੜੀ ਦਾ ਰੰਗ ਗੋਰਾ ਹੋਵੇ... ਉਹ ਉਦੀ ਗੋਰੇ ਰੰਗ ਦੀ ਸ਼ਿਕਾਰੀ ਪਸੰਦ ਸੀ। ਤੂੰ ਹੀ ਦਸ ਭਾਬੀ, ਮੈਂ ਗੋਰੀਆਂ ਨਾਲੋਂ ਘੱਟ ਆਂ? ਉਹ ਜੁ ਤੀਹ ਤੀਹ ਤਾਰਕ ਦੇ ਕੇ ਗੋਰੀਆਂ ਕੋਲ ਹੀ ਖਾਂਦਾ ਫਿਰਦੈ... ..." ਤਾਰੀ ਨੂੰ ਗੁੱਸਾ ਚੜ੍ਹਦਾ ਜਾ ਰਿਹਾ ਸੀ, ਭਾਬੀ ਨੂੰ ਪਤਾ ਨਹੀਂ ਸੀ ਦਸਦਾ ਉਸ ਨੂੰ ਕੀ ਕਹੇ, ਫਿਰ ਵੀ ਕਹਿ ਬੋਲੀ:

"ਰੱਬੋ ਲਗੇ ਹੁੰਦੇ ਆਂ ਚਲੇ, ਘਰਦੇ ਇਹਨੂੰ ਵੀ ਅੱਜ ਨੂੰ ਕੀ ਹੋ ਜਾਂਦੈ? ਅਸਲ 'ਚ ਤਾਰੀ, ਆਦਤਾਂ ਜਿਹਾਂ ਨਾਲ ਹੀ ਨਿਭਦੀਆਂ ਨੇ। ਮੈਂ ਵੀ ਸੋਚਿਆ: ਪਤਾ ਨੀ ਕੀ ਗੱਲ ਹੋਗੀ ਤੇਰਾ ਕੱਲ ਫੋਨ ਵੀ ਨਹੀਂ ਆਇਆ... ਅਤੇ ਤੇਰਾ ਜੁ ਬਹੁਤ ਖ਼ਰਾਬ ਹੋਏ ... ..."

"ਅੱਛੀ ਪੁੱਛਦੀ ਐਂ ਭਾਬੀ, ਅਰ ਜਾਹ ਨੂੰ ਜੀ ਕਰਦੈ, ਕੀ ਲੈਣੇ ਇਹੋ ਜਿਹੇ ਜਿਉਣ ਤੋਂ?... ..." ਕਹਿੰਦੀ ਕਹਿੰਦੀ ਤਾਰੀ ਦਾ ਗਲਾ ਭਰ ਆਇਆ, ਭਾਬੀ ਵੀ ਅਵਾਕ ਜਿਹੀ, ਕੀਨ ਨਾਲ ਤਕੀਦਰ ਰਹੀ, ਉਹਦੀਆਂ ਸਿਸਕੀਆਂ ਸੁਣਦੀ ਰਹੀ। ਕਿਹੜੇ ਲਫ਼ਜ਼ਾਂ ਨਾਲ ਤਾਰੀ ਨੂੰ ਹੌਸਲਾ ਦੇਵੇ? ਉਸਦੇ ਦੁੱਖ ਦੇ ਅੱਗੇ ਕਿਹੜੇ ਬੋਲ ਹੋ ਸਕਦੇ ਸਨ?... ਭਾਬੀ ਦਾ ਮਨ ਵੀ ਭਰ ਆਇਆ, ਪਰ ਫਿਰ ਤਾਰੀ ਨੂੰ ਹੌਸਲਾ ਦੇਣ ਦੀ ਖ਼ਾਤਰ ਬੋਲੀ:

"ਤਾਰੀ, ਹੋ ਜਾ ਅੱਗੇ ਤੋਂ ਠੀਕ ਜਾਊ, ... ..." ਅਸਲ ਉਹਦੀ ਗੱਲ ਵਿਚਾਲੇ ਹੀ ਸੀ ਕਿ ਤਾਰੀ ਆਪਣੇ ਆਪ ਨੂੰ ਪੂੰਝ ਕੇ ਕਾਹਲੀ ਨਾਲ ਬੋਲ ਪਈ ਜਿਵੇਂ ਬੁਰ ਚੇਤਾ ਆ ਗਿਆ ਹੁੰਦੈ:

"ਤੇਰੇ ਕੋਲ ਥੋੜ੍ਹੀ ਜਹੀ ਤਸੱਲੀ ਕਰ ਜਾਂਦੀਆਂ, ਤੂੰ ਹੀ ਮੇਰੇ ਦੁੱਖ ਦਾ ਦਾਰੂ ਜਾਣਦੀ ਐਂ ਤੈਨੂੰ ਵੀ ਮੈਂ ਦੁੱਖੀ ਕਰਦੀ ਆਂ..."

"ਨਹੀਂ ਤਾਰੀ ਇਵੇਂ ਨਾ ਕਹਿ, ਜੇ ਮੇਰੇ ਕੋਲ ਨਹੀਂ ਦਸੇਂਗੀ ਤਾਂ ਹੋਰ ਕੌਣ ਹੈ ਇਥੇ ਪਰਦੇਸਾਂ ਵਿਚ ਤੇਰਾ, ਜਿਥੇ ਹੋਰ ਕੋਈ ਗੱਲ ਕਰੇਂਗੀ ਤਾਂ ਉਹ ਥੱਕੇ ਦੀਆਂ ਤਾਰਾਂ ਖੜਾ ਰੱਖੀਆਂ ਨੇ— ਗੁਆਂਢੀਆਂ ਦੇ ਕੁਝ ਕੀ ਸੁਆਦ ਲੈਣਾ ਦੇਂਦੀਆਂ ਨੇ... ਕੋਈ ਨਹੀਂ ਜਰਾ ਹਾਸਦਰ ਇਵੇਂ ਤਾਰੀ..."

"ਤੂੰ ਠੀਕ ਕਹਿੰਦੀ ਐਂ ਭਾਬੀ, ਪਰ ਉਹ ਮੈਂ ਫੋਨ ਰਖਦੀ ਹਾਂ, ਫਿਰ ਕਿਤੇ ਕਰਾਂਗੀ ਗੱਲ; ਉਂਜ ਵੀ ਉਹ (ਸੱਜਣ, ਉਹਦਾ ਪਤੀ) ਦਾਰੂਓਂ ਕੰਮ ਤੋਂ ਘਰ ਫੋਨ ਕਰਕੇ ਪਤਾ ਕਰਦਾ ਹੁੰਦੈ ਜੇ ਟੂੰ ਟੂੰ ਦੀ ਆਵਾਜ਼ ਆਏ ਤਾਂ ਟੈਮ ਨੋਟ ਕਰ ਛਡੇਗਾ, ਜ਼ਰੂਰੀ ਘਰ ਆਕੇ ਪੁੱਛੇਗਾ — ਕਿਹਦੇ

ਹਜੇ ਤੋਂ ਫਲਾਣੇ ਵਰਗੇ ਤੱਕ ਕੀਹਦੇ ਨਾਲ ਗੱਲਾਂ ਮਾਰਦੀ ਸੈਂ?... ਚੰਗਾ, ਰਾਜੀ, ਓ.ਕੇ ਫਿਰ।" ਕਾਹਲੀ ਕਾਹਲੀ ਸਾਰਾ ਕੁਝ ਕਹਿ ਕੇ ਤਾਰੀ ਨੇ ਫ਼ੱਟ ਪੱਟ ਫ਼ੋਨ ਰੱਖ ਦਿੱਤਾ। ਰਾਜੀ ਨੇ ਵੀ ਹੌਲੀ ਜਿਹੀ "ਓ.ਕੇ" ਕਿਹਾ ਪਰ ਰਸੀਵਰ ਰੱਖ ਕੇ ਨਾਲ ਲਾਈ ਖੜ੍ਹੀ ਸੋਚੀਂ ਪੈ ਗਈ। ਉਸ ਦੇ ਦਿਮਾਗ਼ ਵਿਚ ਤਾਰੀ ਦੀਆਂ ਦੁੱਖ ਭਰੀਆਂ ਗੱਲਾਂ ਕਾਲੀਆਂ ਘਟਾਵਾਂ ਵਾਂਗ ਛਾਣ ਲਗੀਆਂ... ਕਿੰਨਾ ਤੱਤਾ ਸੇਕ ਹੋਏਗਾ ਉਨ੍ਹਾਂ ਹਉਕਿਆਂ ਦਾ... ਕਿੰਨੇ ਹੀ ਖਾਰੇ ਪਾਣੀਆਂ ਦਾ ਹੜ੍ਹ ਹੋਏਗਾ ਉਨ੍ਹਾਂ ਅੱਖਾਂ ਵਿਚ ਜਿਨ੍ਹਾਂ ਵਿਚ ਸੁਪਨੇ ਸਜਾ ਕਦੀ ਇਹ ਵਹੁਟੀਆਂ ਆਪਣੇ ਖਾਵੰਦਾਂ ਦੇ ਲੜ ਲਗ ਪਰਦੇਸੀਂ ਆਈਆਂ ਹੋਣਗੀਆਂ... ਅਜਿਹੀਆਂ ਕਿੰਨੀਆਂ ਹੀ ਦੁੱਖਾਂ ਮਾਰੀਆਂ ਜ਼ਿੰਦਗੀ ਰੋਂਦੀ ਘੁੱਟੇ ਵਿਚ ਬਤੀਤ ਕਰਦੀਆਂ ਨੇ... ਠੀਕ ਹੀ ਤਾਂ ਕਹਿੰਦੀ ਸੀ ਤਾਰੀ— ਇਹ ਕੋਈ ਜੀਉਣ ਹੈ? ਰਾਜੀ ਨੇ ਹੌਲੀ ਜਿਹੀ ਰਸੀਵਰ ਫ਼ੋਨ ਤੇ ਰੱਖ ਦਿੱਤਾ ਤੇ ਕਿਚਨ ਵਿਚ ਜਾ ਕੇ ਰਾਤ ਦੇ ਪਏ ਭਾਂਡੇ ਧੋਣ ਲਗ ਪਈ। ਦੋਵੇਂ ਬੱਚੇ ਅਜੇ ਸੁੱਤੇ ਪਏ ਸਨ, ਤੇ ਉਸਦੇ ਪਤੀ ਨੂੰ ਕੰਮ ਤੇ ਗਿਆਂ ਤਿੰਨ ਕੁ ਘੰਟਾ ਹੋ ਗਿਆ ਹੋਊ... ਸੋਚਦਿਆਂ ਰਾਜੀ ਨੇ ਘੜੀ ਵੱਲ ਨਿਗਾਹ ਮਾਰੀ ਅਜੇ ਤਾਂ ਸਮਾਂ ਇਕ ਸਵਾ ਹੀ ਹੋਇਆ ਸੀ— ਸਵੇਰ ਦੇ ਛੇ ਹੀ ਵਜੇ ਸਨ।

ਰਾਜੀ ਦੇ ਹੱਥ ਭਾਂਡੇ ਧੋਂਦੀ ਜਾ ਰਹੇ ਸਨ ਪਰ ਦਿਮਾਗ਼ ਵਿਚ ਤਾਰੀ ਦੀਆਂ ਗੱਲਾਂ ਘੁੰਮ ਰਹੀਆਂ ਸਨ... ਸੋਚਾਂ ਦੀ ਦੌੜ ਨਾਲ ਹੱਥ ਵੀ ਤੇਜ਼ ਤੇਜ਼ ਚਲਣ ਲਗ ਪਏ ਸਨ, ਅਚਾਨਕ ਉਹਦੇ ਹੱਥੋਂ ਕੱਚ ਦਾ ਗਲਾਸ ਤਿਲਕ ਕੇ ਪਲੇਟ 'ਤੇ ਜਾ ਵੱਜਾ, ਕਾਫ਼ੀ ਖੜਕਾ ਹੋਇਆ ਪਰ ਪਲੇਟ ਤੇ ਗਲਾਸ ਦੋਵੇਂ ਹੀ ਟੁਟਣੋਂ ਬਚ ਗਏ ਸਨ। ਸਿੰਕ ਵਿਚ ਡਿਗਦੇ ਪਾਣੀ ਤੇ ਭਾਂਡਿਆਂ ਦੇ ਖੜਾਕ ਵਿਚ ਉਸਨੂੰ ਪਹਿਲਾਂ ਪਤਾ ਹੀ ਨਾ ਲਗਾ ਕਿ ਫ਼ੋਨ ਦੀ ਘੰਟੀ ਵਿਚ ਖੜਕੀ ਜਾਂਦੀ ਸੀ ਜਾਂ ਉਹਦੇ ਕੰਨਾਂ ਦਾ ਭੁਲੇਖਾ ਹੀ ਸੀ, ਜਦੋਂ ਉਸ ਨੇ ਟਲਕਾ ਧਿਆਨ ਕੀਤਾ, ਘੰਟੀ ਲਗਾਤਾਰ ਖੜਕ ਰਹੀ ਸੀ ਉਸਨੇ ਫ਼ਟਾਫ਼ਟ ਤੌਲੀਏ ਨਾਲ ਹੱਥ ਪੂੰਝੇ ਤੇ ਲਗਭਗ ਦੌੜ ਕੇ ਫ਼ੋਨ ਵਲ ਹੋਈ, ਦੇਰ ਗਈ ਤਾਂ ਘੰਟੀ ਵਜਣੀ ਬੰਦ ਹੋ ਗਈ। ਰਾਜੀ ਫਿਰ ਆ ਕੇ ਭਾਂਡੇ ਧੋਣ ਲਗ ਪਈ ਤੇ ਫਿਰ ਉਹੀ ਸੋਚਾਂ... ਵਿਚਾਰੀ ਤਾਰੀ ਕਿੰਨੀ ਸੋਹਣੀ ਸੁਨੱਖੀ, ਤੇ ਵਿਚੋਂ ਕਿਹਾ ਸੁੰਦਰ ਤੇਲ ਪਕਾਂ ਸਾਲਾਂ ਦਾ ਮੁੱਖ ਸੀ ਉਹਦਾ। ਜਦੋਂ ਹੋਣ ਵਾਲਾ ਸੀ ਤਾਂ ਤਾਰੀ ਦੀ ਸੱਸ ਨੇ ਏਨੇ ਚਿੱਠੀ ਪਾਈ ਸੀ ਕਿ ਉਹਨੂੰ ਚਾਰ ਪੰਜ ਮਹੀਨਿਆਂ ਲਈ ਭੇਜ ਦੇਣਾ ਮੰਗਾ ਲੈਣ, ਨਾਲੇ ਵਿਆਹ ਕਰਾ ਜਾਊਗੀ ਨਾਲੇ ਪੋਤੇ ਦਾ ਚਾਅ ਪੂਰਾ ਕਰ ਜਾਊਗੀ। ਤਾਰੀ ਦੇ ਪਤੀ ਗੱਜਣ ਨੇ ਫ਼ਟਾਫ਼ਟ ਉਹਦਾ ਟਿਕਟ ਕਰਵਾ ਕੇ ਪੇਕੇ ਨੂੰ ਤੋਰ ਦਿੱਤਾ ਸੀ ਤੇ ਫਿਰ ਉਹ ਚਾਰ ਮਹੀਨੇ ਰਹਾ ਕੇ ਰਹਿ ਗਈ ਸੀ ਉਹ ਵੀ ਤਾਂ ਖਿਝਦੀ ਸੀ ਗੱਜਣ ਦੇ ਲਫ਼ਜ਼ਾਂ ਤੋਂ। ਤਾਰੀ ਉਦੋਂ ਕਿੰਨੀ ਖ਼ੁਸ਼ ਸੀ ਤੇ ਸੱਸ ਦੇ ਗੁਣ ਗਾਉਂਦੀ ਨਹੀਂ ਥੱਕਦੀ ਸੀ। ਪਰ ਹੁਣ ਪਛਤਾਵੇ ਨੂੰ ਕੀ ਕਰੇ? ਨਾਂ ਹੀ ਉਹਦੇ ਮਾਂ ਪਿਓ ਇਹ ਕਦੀ ਸੋਚ ਸਕਣਗੇ ਕਿ ਉਨ੍ਹਾਂ ਦਾ ਪੁੱਤਰ ਕੀ ਕਰਤੂਤਾਂ ਕਰਦਾ ਫਿਰਦੈ। ਇਸੇ ਡਰੋਂ ਤਾਰੀ ਨੇ ਕਦੀ ਉਨ੍ਹਾਂ ਨੂੰ ਉਹਦੇ ਬਾਰੇ ਚਿੱਠੀ'ਚ ਨਹੀਂ ਲਿਖਿਆ। ਬਾਹਰ ਗੱਲ ਕਰਦੀ ਸੌ ਤਾਂ ਆਪਣਾ ਆਪ ਨੰਗਾ ਕਰਦੀ ਸੀ ਸੌ। ਰਾਜੀ ਭਾਂਡੇ ਧੋ ਕੇ ਹੱਥ ਕਾਉਂਟਰ ਸਾਫ਼ ਕਰਨ ਲਗੀ ਹੀ ਸੀ ਕਿ ਫ਼ੋਨ ਦੀ ਘੰਟੀ ਫਿਰ ਖੜਕੀ, ਹੱਥਲਾ ਤੌਲੀਆ ਕਾਉਂਟਰ ਤੇ ਹੀ ਰੱਖ ਕੇ ਫ਼ੋਨ ਵਲ ਹੋਈ।

ਮਨ 'ਚ ਖ਼ਿਆਲ ਆਇਆ ਜਿੰਦੀ ਹੋਣੀ ਐ, ਸਵੇਰੇ ਸਵੇਰੇ ਉਹ ਅਕਸਰ ਰਾਜੀ ਨੂੰ ਫ਼ੋਨ ਕਰ ਲੈਂਦੀ ਹੈ; ਜਿੰਦੀ ਦੀ ਇਕੋ ਇਕ ਧੀ ਕਿਰਨੀ, ਜੋ ਹੁਣ ਸਾਢੇ ਦਸਾਂ ਸਾਲਾਂ ਦੀ ਐ, ਪੜ੍ਹਨ ਚਲੀ ਜਾਂਦੀ ਐ ਤੇ ਜਿੰਦੀ ਦੋ ਵਜੇ ਦੁਪਹਿਰ ਤਕ ਘਰ ਵਿਹਲੀ ਹੁੰਦੀ ਐ ਉਹ ਦੋ ਵਜੇ ਕੰਮ ਤੇ ਜਾਂਦੀ ਹੈ। ਮਾਵਾਂ ਧੀਆਂ — ਦੋ ਜੀਆਂ ਦਾ ਭਲਾ ਕਿੰਨਾ ਕੁ ਕੰਮ ਹੁੰਦੈ ਘਰ ਦਾ। ਦਰਅਸਲ ਜਿੰਦੀ ਨੂੰ ਤਾਂ ਕਨੇਡਾ ਆ ਕੇ ਪਤਾ ਲਗਾ ਸੀ ਕਿ ਜਿਹੜਾ ਮੁੰਡਾ ਉਸਨੂੰ ਵਿਆਹ ਕੇ ਇੰਡੀਆ ਛਡ ਆਇਆ ਸੀ ਉਹ ਪਹਿਲਾਂ ਹੀ ਕਿਸੇ ਗੋਰੀ ਨਾਲ ਰਹਿ ਰਿਹਾ ਸੀ। ਜਿੰਦੀ ਨੇ ਆਪਣੇ ਪਤੀ ਦੇ ਬਥੇਰੇ ਤਰਲੇ ਕੀਤੇ ਕਿ ਹਾਲੇ ਵੀ ਕੁਝ ਨਹੀਂ ਵਿਗੜਿਆ ਉਹ ਉਸ ਕੁੜੀ ਨਾਲੋਂ ਰਿਸ਼ਤਾ ਤੋੜ ਕੇ ਠੀਕ ਤਰ੍ਹਾਂ ਰਹਿਣ ਲਗ ਪਏ ਕਿਉਂਕਿ ਉਹ ਇਕ ਧੀ ਦਾ ਬਾਪ ਵੀ ਬਣ ਚੁੱਕਾ ਸੀ — ਪਰ ਉਹ ਨਹੀਂ ਸੀ ਹਟਿਆ ਸਗੋਂ ਜਿੰਦੀ ਨੂੰ ਹੀ ਘਰੋਂ ਕੱਢ ਦਿਤਾ ਸੀ। ਉਨ੍ਹਾਂ ਦੇ ਤਲਾਕ ਹੋਏ ਨੂੰ ਵੀ ਹੁਣ ਤਾਂ ਦਸ ਸਾਲ ਹੋ ਚੁਕੇ ਨੇ।

ਤੀਜੀ ਵਾਰ ਫ਼ੋਨ ਦੀ ਘੰਟੀ ਖੜਕੀ ਤਾਂ ਰਾਜੀ ਨੇ ਫ਼ੱਟ ਪੱਟ ਰਸੀਵਰ ਚੁਕ ਕੇ ਕੰਨ ਨਾਲ ਲਾਇਆਂ ਕਾਹਲੀ ਨਾਲ ਪੁਛਿਆ : "ਹੈਲੋ?"

"ਨੀ ਧੀਏ ਕੇਹੜੇ ਖ਼ਿਆਲ ਵਿਚ ਉਲਝੀ ਹੋਈ ਸੈਂ? ਐਨੀਆਂ ਰਿੰਗਾਂ, ਐਨੀਆਂ ਰਿੰਗਾਂ? ਸੁਣਦਾ ਨਹੀਂ ਸੀ... ਸੋਚਿਆ ਕਿਧਰੇ ਬਾਹਰ ਗਈ ਹੋਣੀ ਐਂ, ਪਰ ਫਿਰ ਖ਼ਿਆਲ ਆਇਆ ਦੋਹਾਂ ਜੁਆਕਾਂ ਨੂੰ ਲੈ ਕੇ ਸਵੇਰੇ ਸਵੇਰੇ ਕਿਥੇ ਗਈ ਹੋਣੀ ਐਂ... ਚਲ ਚੰਗਾ ਘਰੇ ਤਾਂ ਮਿਲੀ ... ..." ਉਹ ਆਪੀ ਬੋਲੀ ਜਾ ਰਹੀ ਸੀ ਰਾਜੀ ਨੂੰ ਇਹ ਕੋਈ ਓਪਰੀ ਜਿਹੀ ਆਵਾਜ਼ ਲਗੀ ਉਹ ਕਹਿਣਾ ਚਾਹੁੰਦੀ ਸੀ ਕਿ ਮਾਂਜੀ ਇਹ ਰੌਂਗ ਨੰਬਰ ਐ ਪਰ ਉਹ ਤਾਂ ਇਕ ਸਾਹੇ

ਬੋਲੀ ਹੀ ਜਾ ਰਹੀ ਸੀ ਉਸਨੂੰ ਤਾਂ ਹੁੰਗਾਰੇ ਦੀ ਵੀ ਫਿਕਰ ਨਹੀਂ ਸੀ ਉਹ ਉਹ ਕਹਿ ਰਹੀ ਸੀ:

“ਵੇ ਵੀਰਾਂ ਤੋ ਵਾਰੀਆਂ, ਅੱਜ ਵੀ ਦੁਖ ਕੀ ਆਰ ਹੋਇਆ, ਕਿਤੇ ਨਰਾਜ਼ ਤਾਂ ਨੀ ਹੋ ਗੀ, ਧੀਏ, ਮੈਂ ਚੋਲੀ ਹੋਣਨ ਵਲੀ ਜਾਂਦੀ ਸੀ, ਆ ਅਸਮਾਨਾਂ ਵਾਲੀ ਚੰਦਰ ਨੂੰ ਕੱਲ ਦਾ ਰੰਗ ਪੈ ਗਿਐ, ਉਹ ਕੀ ਜਾਣੈ, ਪਰਦੇਸੀ ਤੁੰਬੀਆਂ। ਏਸੋਂ ਤੁਰਨ ਲੱਗੀ ਸਾਂ ਤਾਂ ਤੇਰੀ ਬੇਬੇ ਨੇ ਤਾਕੀਦ ਕੀਤੀ ਸੀ ਪਈ ਤੇਰਾ ਹਾਲ ਚਾਲ ਪੁੱਛ ਕੇ ਦੇਖ ਚਾਖ ਕੇ ਚਿੱਠੀ ਤਾਂ ਲਿਖੀਂ ਪਾਵਾਂ, ਉਸਨੂੰ ਵੀ ਕਿਤੇ ਪਤਾ ਲਗਿਆ ਸੀ ਤੇਰੇ ਬਾਰੇ ਪਈ ਲਿਖੇ ਹੋਏ ਚਿੱਠੀਆਂ ਤੂੰ ਠੀਕ ਨਹੀਂ ਰਹਿੰਦੀ, ਧੀਏ, ਚਿੱਠੀ ਤਾਂ ਉਸ ਤੈਨੂੰ ਆਪ ਹੀ ਪਾਉਣੀ ਸੀ ਪਰ ਤੇਰੇ ਸਹੁਰੇ ਪਰਿਵਾਰ ਦੇ ਹੋਰ ਤਰੀਕਿਆਂ ਦਾ ਵੀ ਉਸਨੂੰ ਪਤਾ ਲਗ ਗਿਐ, ਤਾਂ ਹੀ ਉਸ ਤੈਨੂੰ ਚਿੱਠੀ ਨਹੀਂ ਪਾਈ, ਅਤੇ ਜਦ, ਨਵਾਂ ਹੋਰ ਨਾ ਕੁਝ ਸਮਝੀ ਫਿਕਰ। ਜੇ ਦੁਖ ਕਰੇਂ ਦਾ ਕਰਨਾ ਚਾਹੁੰਦੀ ਸਾਂ, ਮੈਂ ਕਿਹਾ ਪਤਾ ਵੀ ਕਰਾਂ ਕੀ ਔਖਾ ਪੈਂਗੀ। ਕੀ ਪਤਾ ਲਗਦੈ, ਧੀਏ, ਇਸ ਮੁਲਖ ਵਿਚ ਕਰੇਂ ਕੀ ਹੋ ਜਾਵੇ ... ... ...” ਉਹ ਇਸੇ ਵੇਗ ਵਿਚ ਬੋਲੀ ਜਾਂਦੀ ਸੀ।

ਰਾਣੀ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਜਿਵੇਂ ਕਿ ਉਸਦਾ ਆਪਣਾ ਕੋਈ ਉਸ ਨਾਲ ਸਲੋਕ ਜਿਹਾ ਕਿਹਾ ਹੋਵੇ; ਉਸ ਤੋਂ ਨਾ ਤਾਂ ਕੁਝ ਹੋਈ ਜਾ ਸਾਂ, ਉਸਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਹੋਰ ਕਹਿਣ ਵਾਲੀ ਕਿਹੜੀ ਹੈ? ਤੇ ਉਹ ਕਿਸ ਨਾਲ ਗੱਲਾਂ ਕਰ ਰਹੀ ਹੈ। ਉਸ ਮਾਈ ਨੂੰ ਕਿਹੜਾ ਪਤਾ ਸੀ ਕਿ ਉਹ ਕਿਹੜੀ “ਧੀ” ਨਾਲ ਦੁਖੜਾ ਫੋਲਣ ਲਗ ਪਈ ਸੀ। ਰਾਣੀ ਦਾ ਦਿਲ ਕੀਤਾ ਉਸ ਨੂੰ ਕੋਈ ਵਾਰ ਵਾਰ ਕਹੇ “ਧੀਏ”, “ਧੀਏ”, “ਧੀਏ”, ਇਹ ਲਫਜ਼ ਸੁਣਨ ਲਈ ਉਸਦੇ ਕੰਨ ਪੰਦਰਾਂ ਸਾਲਾਂ ਤੋਂ ਤਰਸ ਰਹੇ ਸਨ ਜਦੋਂ ਦੀ ਆ ਗਈ ਸੀ, ਇਕਦਮ ਨੇ ਕਹਿਣਾ ਸੀ “ਧੀਏ”— ਦਿਆਲੀ ਜਾਈ ਤਾਂ “ਹੂੰ” ਕਹਿ ਜਾਂਦੀ ਹੈ ਜਿਵੇਂ ਉਹ ਇਸੇ ਦੀ ਕਦੀ ਧੀ ਹੀ ਨਹੀਂ ਹੁੰਦੀ, ਤੇ ਫਿਰ ਇਸ ਪਰਦੇਸੀ ਧਰਤੀ ਉੱਤੇ ਜਿਥੇ ਸਭ ਇਕੱਲੇ ਮੁਸਾਫਰੀ ਤੇ ਪੈਸੇ ਤੇ ਆਪੇ ਮਰ ਜਾਂਦੇ ਨੇ - ਕੌਣ ਉਸਨੂੰ ਭਲਾ ਅਜਿਹੀ ਮਮਤਾ ਲਈ ਬੈਠਾ ਹੈ।... ਰਾਣੀ ਦੀ ਚੁੱਪ ਜਿਹੀ ਜਿਸਦੀ ਇਕਲ ਗਈ, ਉਧਰੋਂ ਮਾਈ ਦੀ ਆਵਾਜ਼ ਆਈ — “ਕੁੜੇ, ਧੀਏ ਹੋਰ ਕਿਉਂ ਐਂ? ਮੈਨੂੰ ਦਸ ਤਾਂ ਸਹੀ ਤੂੰ ਸਾਰਾ ਕਿਸੀ ਤਾਂ ਸੀ, ਕੁੜੇ ਬੋਲਦੀ ਨਹੀਂ ਕੰਬਖ਼ਤ! ... ਕੁੜੇ ਧੀਏ! ਅਜੇ ਤਾਂ ਸੁੱਖ ਨਾਲ ਇੱਕੋ ਰਤੁ ਕੁ ਸਹੀਆਂ ਦਾ ਈਐ ਉਹ ਤਾਂ ‘ਸ਼ਾਲਾ ਹੋ ਕੁ ... ... ...” ਮਾਈ ਦੀ ਗੱਲ ਅਜੇ ਅਧੂਰੀ ਹੀ ਸੀ ਕਿ ਰਾਣੀ ਦੀ ਉਰਲੀ ਜਾਣੀ ਭੁੱਬ ਨਿਕਲ ਗਈ ਤੇ ਫੁੱਟ ਫੁੱਟ ਰੋਣ ਹੋਰ ਤੇ ਫਿਸਾਹ ਲਗ ਪਏ, ਉਸ ਦਾ ਦਿਲ ਕੀਤਾ ਅਜਿਹੀ ਆਪਣਤ ਭਰਨ ਵਾਲੀ ਮਮਤਾ ਦੀ ਛਾਤੀ ਨਾਲ ਜਾ ਲਗੇ ਉੱਠ ਕੇ; ਇਹ ਜਾਪਦਿਆਂ ਹੋਇਆਂ ਵੀ ਕਿ ਉਹ ਮਾਈ ਇਸੇ ਵੇਗ ਵਿਚ ਤੇ ਸਾਰੀ ਗੱਲਬਾਤ ਕਰ ਰਹੀ ਹੈ ਰਾਣੀ ਦਾ ਦਿਲ ਨਾ ਕੀਤਾ ਕਿ ਦਸ ਕੇ ਉਸਦੇ ਪਿਆਰ ਦਾ ਵੇਗ ਰੋਕ ਸਕੇ... ...

“ਬਸ ਅੱਗੋਂ ਧੀ, ਹੋ ਜਾ, ਸ਼ੁਕਰਾ ਰੱਖ, ਸਭ ਕੁਝ ਠੀਕ ਹੋ ਜਾਵੇਗਾ। ਦੇਸ ਵੀ ਤਾਂ ਘੱਟ ਹੀ ਹੋਰ ਐ- ਦੇਖੋਂ ਨਾ ਉਥੇ ਵਿਆਹੇ ਹੋਏ ਤੇ ਵਿਆਹੀਆਂ ਕੁੜੀਆਂ ਕੁੜਤਾਂ ਧੀਆਂ ਨੂੰ ਜਦ ਜਦ ਸਹੁਰਿਆਂ ਕੀ ਵੇ ਵੇ ਸਹੁਰੇ ਕੈਸੀ ਕੀ ਸਗਾਈਆਂ, ਕਿਤੇ ਕੋਈ ਔਖਾ ਨਾ ਪੈਜੇ, ਪਰ ਇਥੇ ਪਰਦੇਸ ਵਿਚ ਤਾਂ ਰਬ ਪਤਾ ਨੇ ਧੱਕਾ ਦੇ ਦੇਂਦੇ ਐ, ਪਰ ਅਜਿਹਿਆਂ ਨੂੰ ਕਿਹੜਾ ਆਂ ਜਾਂ ਤਾਂ ਸੰਘ ਘੁੱਟੀ ਹੁੰਦੀ ਐ ਜੋ ਜਾਂਦ ਸਕੂ- ਆਪੇ ਰੱਬ ਹੱਥੀ ਤੋਰ ਕੰਮ ਧਰੇ ਲਗ ਜਾਂਦੀਆਂ ਵਿਚਾਰੀਆਂ - ਇਸੇ ਧੀਆਂ ਪੁੱਤਾਂ ਤਾਂ ਹੱਥਾਂ ਤੋਂ ਨਿਕਲੀਆਂ ਸੀ ਕੇ ਸਰੀਆਸਾ ਹੋਏ... ਹੁਣ ਦੇਖ ਕੇ, ਇਥੇ ਕੁੜੀ ਇਕਲਾਪੀ ਨੇ ਕਰ ਦਿੱਤੇ, ਮੈਂ ਤਾਂ ਰੋਟੀਆਂ ਫੁਕਦੇ ਐਂ ਇਹੋ ਜਿਹੇ ਇਕਲਾਪਾ ਜਿਹੜੇ ਦੇਸੇ ਇਸ ਰੰਗ ਦੀ ਆਉਂਦੇ... ਰੱਬ ਧੀਏ ਧਰਵਾਸ ਰੱਖ, ਅਰਦਾਸ ਕੇ ਤੈਨੂੰ ਭਾਗ ਲਗੇ ਐਂ, ਇਨਤਜ਼ਾਰ ਹੀ ਹੁੰਦੀ ਰਹੂਗਾ, ਧੀਰਜ ਕਰ... ... ... ਇਸੇ ਤਰ੍ਹਾਂ ਜਿਹੇ ਤਾਕਰਹ ਕੋਲ ਜਾਈਂ... ...”

ਫੋਨ ਨੂੰ ਰਾਣੀ ਦਾ ਹੱਥ ਕੁ ਜਾਂਦ ਦਾ ਮੂੰਹ ਉਠ ਕੇ ਰੋਣ ਲਗ ਪਿਆ, ਉਧਰੋਂ ਮਾਈ ਦੀ ਆਵਾਜ਼ ਆਈ, “ਮੈਂ ਲਗ ਪਿਐਂ ਛੋਟਾ ਜਾਂਦ ਮੈਂ ਫੋਨ ਨੂੰ, ਆਪਾਂ ਫੇਰ ਗੱਲਾਂ ਕਰਾਂਗੀਆਂ... ਜੇ ਹੋ ਸਕਿਆ ਤਾਂ ਅੱਜ ਸ਼ਾਮੀ ਆਵੀਂ ਔਥੇ ਜੈਥੇ ਸਾਡਾ ਘਰ ਜਾਂਦਾ, ਇੱਥੇ ਵਿਆਹੇ ਨਾਲ ਤਾਂ ਕੰਮ ਕਰਦੇ ਦੀ ਔਖੀ ਹੁੰਦੀ ਹੋਈ ਐਂ... ਧੀਏ ਇਹ ਅੱਗ ਲਗਾਉ ਮੁਲਖ ਈ ਇਹੋ ਜਿਹੈ ਇਸੇ ਕੋਲ ਇਸੇ ਦੀ ਦੱਸੀ ਉਂਗਲ ਤੇ ਸਤਹ ਜਿਸਦਾ ਦੀ ਟੈਮ ਵੀ ਲਗਦਾ, ਆਪਣਾ ਮਤਲਬ ਕਢਦੇ ਐਂ, ਫਿਰ ਐਂ ਗਏ... ਐਂ ਗਏ...” ਮਾਈ ਬੋਲੀ ਜਾਂਦੀ ਸੀ ਉਸਨੂੰ ਇਥੇ ਆਏ ਨੌਕਾਂ ਦੇ ਤਜਰਬੇ ਦਾ ਸ਼ਾਹ ਤੇ ਚੰਗਾ ਗਿਆਨ ਲਗਦਾ ਸੀ। ਰਾਣੀ ਨੂੰ ਵੀ ਪਹਿਲੀ ਵਾਰ ਮਹਿਸੂਸ ਹੋਇਆ ਕਿ ਉਹ ਕਹਿ ਰਹੇ ਕਿ ਅੰਗ੍ਰੇਜ਼ੀ ਤੁਰੀਂ ਜਿਸ ਸਾਹਿਤ ਨਾਲ ਗੱਲਾਂ ਕਰ ਰਹੀ ਹੈ ਉਹ ਮਾਂ ਨਹੀਂ ਪਰ ਇਸੇ ਤਰ ਇਸੇ ਦੀ ਕਹਾਣੀ ‘ਸ਼ਾਹਜ਼ੀਤ’ ਤੋਂ ਵਖਰੀ ਨਹੀਂ। ਰਾਣੀ ਨੂੰ ਅੱਜ ਤਕ ਆਪਣੀਆਂ ਸਾਰੀਆਂ ਵਾਲੀਆਂ ਕੁੜੀ ਵੇਖਿਉ ਇਕੱਲੇ ਧੀਆਂ ਦਾਦੀਆਂ ਜਾਂ ਸਤਾਈਆਂ, ਧੀਆਂ ਭੈਣਾਂ ਜਾਂ ਕੋਈ ਸਾਂ ਤੇ ਧਈਆਂ ਸਹੇਲੀਆਂ ਦੇ ਅਜ ਕਰਕੇ ਹੋਰ ਆਉਂਦੇ ਰਹਿੰਦੇ ਸਨ ਹਰ ਦਿਨ ਦੇ ਸੀਨੇ ਵਿਚ ਇਕ ਡੂੰਘਾ ਸੱਲ ਹੁੰਦਾ ਤੇ ਉਸ ਆਪਣਾ ਦੁਖੜਾ ਰਾਣੀ ਅੱਗੇ

ਰਖ ਦੇਂਦੀਆਂ ਪਰ ਅੱਜ ਰਾਣੀ ਨੂੰ ਵੀ ਪਤਾ ਸੀ ਕਿ ਅਮ੍ਰਿਤਾ ਦੇ ਕਿੰਨੇ ਚੋਰ ਉਸਦੇ ਦਿੱਲ ਤੇ ਕੀਹੀ ਸਖਤ ਪਰਤ ਨੂੰ ਖੋਰ ਦੇਣਗੇ, ਤੇ ਉਸਦਾ ਅੰਦਰੋਂ ਰਹਨ ਜਿਹਦਾ ਅਜ ਤਿਕ ਕਦੀ ਅਣਛੂਹੀ ਕਿਹੀ ਪ੍ਰਕਾਰ ਉਠੇਗਾ, ਉਸ ਨੂੰ ਵੀ ਪਤਾ ਸੀ?

ਰਾਣੀ ਨੂੰ ਪਤਾ ਹੀ ਨਾ ਲਗਾ ਅਜਿਹੀ ਕਾਹਦੀ ਕਾਹਦੀ ਤੋਰ ਕੀ ਚੋਰੀ ਜਾਣੀ ਸੀ ਪਰ ਦੂਜੇ ਉਸ ਨੂੰ ਸਹੇਲੀ ਦੇ ਕਿਹਾ ਸੀ ਕਿ ਉਹ ਕਹਿ ਰਹੀ ਸੀ "ਤੂੰ ਤਾਂ ਚੋਰਨੀ ਹੀ, ਸ਼ਾਇਦ ਤੇਰਾ ਦਿੱਲ ਵੀ ਰਾਣੀ, ਓ. ਕੇ. ਫੋਰ ਚੱਖੇ।" ਕਹਿ ਕੇ ਉਸਨੇ ਫੋਨ ਰਖ ਦਿਤਾ

ਰਾਣੀ ਅਵਾਕ ਖੜੀ ਰਹੀ ਰਸੀਵਰ ਫੜੀ, ਤਰੇ ਰਰੇ ਰਹੀ "ਓ. ਕੇ." ਕਹਿ ਰਹੀ ਸੀ। ਪਰ ਉਸਦੇ ਅੰਦਰ ਦਾ ਗੁਬਾਰ ਬੰਨ੍ਹਾਂ ਤੋੜ ਉਠਣ ਲਗਿਆ ਸੀ, ਉਸਨੇ ਜਾਣੇ ਹੀ ਰਸੀਵਰ ਫੜ ਜ਼ੋਰ ਨਾਲ ਲਾਇਆ ਸੀ ਤੇ ਆਪ ਮੁਹਾਰੇ ਉਹਦੇ ਮੂੰਹੋਂ ਨਿਕਲਿਆ "ਤੇਰੇ... ਚੋਰੇ?" ਪਰ ਉਧਰੋਂ ਨੂੰ ਵੀ ਆਵਾਜ਼ ਆ ਗਈ ਸੀ। ਰਾਣੀ ਦਾ ਸੁੱਤਾ ਗੱਜਿਆ ਵਿਚੋਂ ਆਵਾਜ਼ਾਂ ਆਰ ਕਿਹਾ ਸੀ "ਨਹੀਂ... ਨਾ... ੰ.... ਸੀ....."। ਰਾਣੀ ਨੇ ਰਸੀਵਰ ਰਖ ਦਿਤਾ, ਕਰੀਬਨ ਚਾਰ ਅੱਖਾਂ ਮੁੰਦੀਆਂ ਤੇ ਗਲਾ ਨਾਲ ਬਣਦੀ ਤੇਰੀ ਚੋਰੀ "ਅਜੀ ਖਿੱਚੂ"... ... ਰਾਣੀ ਨੂੰ ਇਕ ਦਮ ਖਿਆਲ ਆਇਆ ਉਸਨੇ ਤਾਂ ਉਸ ਅਮ੍ਰਿਤਾ ਦਾ ਫੋਨ ਨੰਬਰ ਵੀ ਨਹੀਂ ਪੁੱਛਿਆ... ਕਿਵੇਂ ਪੁੱਛਦੀ? ਉਸ ਵੇਲੇ ਤਾਂ ਉਸ ਦਾ ਗਲਾ ਐਦਾਂ ਭਰ ਆਇਆ ਸੀ ਕਿ ਬੋਲ ਗਲੇ ਵਿਚ ਹੀ ਅਟਕ ਗਏ ਸਨ। ਅੱਖੇ ਚੋਰੀਆਂ ਪਿੱਛੋਂ ਅਮ੍ਰਿਤਾ ਵਲੋਂ ਚੋਰਾਂ ਨੂੰ ਸੁਣ ਸੁਣ ਰਾਣੀ ਦੇ ਅੰਦਰ ਜੀਅਿਆ ਜਾਣਾ ਮੋਮ ਵਾਂਗ ਪਘਰ ਰਿਹਾ ਗਿਆ ਸੀ ਤੇ ਜੇ ਹੁਣ 'ਅਮ੍ਰਿਤਾ' ਦੇ ਕੋਲ ਫੋਨ ਦਾ ਨੰਬਰ ਹੁੰਦਾ ਤਾਂ ਦਿਲ ਜਾਣਾ ਤੋਂ ਜੀਅਿਆ ਸੁਆਗਤਮਈ ਫੋਨ ਹੀ ਤਾਂ ਚਾਹੁੰਦਾ ਸੀ।

• • •

(ਛਪ ਰਹੀ ਪੁਸਤਕ "ਸਫੇਦ ਰੰਗ ਕਿਆਰਿਕੇ" ਵਿਚੋਂ)

---


# How to ensure your family's life after death.

Would your business die if you did?
How would your family live?
A business life insurance plan fron Sun Life can protect your heirs from financial loss. And wouldn't that kind of security make your own life a lot happier?

Let's talk it over.



MOHINDAR S. GILL, B.COMM., M.B.A., C.G.A.

Telephone: Off: 682-8441
Res: 433-1684

Get your life in shape.

SunLife OF CANADA

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.



ਮੁਹੰਮਦ ਰਫ਼ੀ -
ਸੰਗੀਤ-ਕਲਾ ਦੇ ਮਸ਼ਹੂਰ ਕਲਾਕਾਰ ਜਿਨ੍ਹਾਂ
ਦੀ 31 ਜੁਲਾਈ 1980 ਨੂੰ ਦਿਲ ਫੇਲ੍ਹ ਹੋਣ ਕਾਰਨ ਮ੍ਰਿਤੂ
ਹੋ ਗਈ। ਵਤਨੋਂ ਦੂਰ ਵਲੋਂ ਸ਼ਰਧਾਂਜਲੀ।


# FOR YOUR INSURANCE NEEDS: SUCH AS —

* AUTO INSURANCE
* BUSINESS
* COMMERCIAL
* HOME OWNERS
* TRAVEL INSURANCE



BALDEV SANGRA
BUS: (604) 321-4125
RES; (604) 687-7711
PAGER: 7648
RES: 325-5857

Autoplan

ਹਰ ਪ੍ਰਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ, ਮਕਾਨ,ਅਤੇ ਕੈਂਪਰ ਆਦਿ ਲਈ ਸਾਡੀਆਂ ਸੇਵਾਵਾਂ ਹਾਜ਼ਰ ਹਨ।

*W. H. Gallagher Ltd.*

5186 VICTORIA DR.
VANCOUVER, B.C. V5P 3V2

---

# GOYAL IMPORT & EXPORT

ਇਲੈਕਟਰਨਿਕਸ ਦਾ ਸਮਾਨ ਖ਼੍ਰੀਦਣ ਲਈ ਤੁਹਾਨੂੰ ਹਾਂਗਕਾਂਗ ਵਿੱਚ ਠਹਿਰਣ ਦੀ ਲੋੜ ਨਹੀਂ ਸਾਡੇ ਸ਼ੋ ਰੂਮ ਚ ਦਰਸ਼ਨ ਦਿਓ

**110V** ਅਸੀਂ ਸਾਰਾ ਸਮਾਨ ਬਹੁਤ ਹੀ ਸਸਤੇ ਭਾਅ ਵੇਚਦੇ ਹਾਂ! **220V**

# VIDEO



Rajinder Goyal

ALSO
* SONY, J.V.C., SANYO RADIO & CASETTE RECORDER
* NATIONAL PANASONIC CASETTE RECORDER
* PANASONIC CALCULATOR



## MOVIES

**Best Prints in Town**
**For Hindi & Punjabi**

Also Sony, Toshiba, RCA (latest models) Video Recorder On Sale.

**Our Low Low Price**
**$33**
*[Any Movie]*
(World Famous Brands)

*Mail Order Accepted*

## PH: 873-8308 or 873-8309

**4156 FRASER ST., VANCOUVER, B.C. V5V 4E8**

# ELITE TAILORS

| |
|---|
| MEN'S SPORT JACKETS FANCY OR CHECK DESIGN SPECIAL $34.95 |
| MEN'S PANTS Reg. $25.95 to $26.95<br>Now $14.95 - 16.95 |
| LADIES'S SLACKS SKIRTS & BLOUSES<br>25% OFF |
| LADIES' 2 PIECE PANT SUITS Reg. $32.95<br>Now on Special $22.95 |
| MEN'S 3 PIECE SUITS Reg. $ - $179<br>Now $29 to $129 |
| MEN'S SHIRTS ON SPECIAL<br>REG% 17.95 SPECIAL "6.95 - 11.95 |

ਹੁਣ ਤੁਸੀਂ ਇਥੋਂ ਟੀਮ ਯੂਨੀਫਾਰਮਜ਼ ਵੀ ਲੈ ਸਕਦੇ ਹੋ।

ਦਰਸ਼ਨ ਦਿਓ ਜਾਂ ਫੂਨ ਕਰੋ

**Ph: 872-2276**

**4219 MAIN STREET** (at 26th Ave.)

**Phone 872-2276** VANCOUVER, B.C.

# REAL ESTATE

**BUYING, SELLING OR TRADING YOUR PROPERTY — ALWAYS REMEMBER YOUR REALTOR!**

## HARPAL TOOR

Res. 524-9848

Off. 324-3888



ਹਰ ਤਰ੍ਹਾਂ ਦੀ ਜਾਇਦਾਦ ਖਰੀਦਣ

ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

REALTOR

T. J. LOVEROCK REALTY

5316 Victoria Dr., Van. B.C.

# ਕਿੰਗਜ਼ਗੇਟ ਇਨਸ਼ੋਰੈਂਸ ਏਜੰਸੀਜ਼

**ALL TYPES OF INSURANCE AT COMPETITIVE RATES INCLUDING: AUTO, HOME, COMMERCIAL, BUSINESS, TRAVEL, LIFE, ACCIDENT and SICKNESS, RRSP.**

autoplan

AUTHORIZED AGENT



FAZAL KHAN
104 Kingsgate Mall
370 E. Broadway, Vancouver
Tel: 872-7827

THE BEST SERVICE COSTS NO MORE

## INSURANCE

WHEN YOU RENEW IT

REVIEW IT



DALJIT S. SIDHU
6679 Main St. (at 51st.)
Vancouver
Tel: 324-2311

# ਇਕ ਰੀਪੋਰਟ:

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ ਦੀਆਂ ਦੋ ਮੀਟਿੰਗਾਂ ਕ੍ਰਮਵਾਰ ਜੁਲਾਈ 13, ਅਤੇ ਅਗਸਤ 10, ਨੂੰ ਹੋਈਆਂ। ਜੁਲਾਈ 13 ਦੀ ਮੀਟਿੰਗ ਵਿਚ ਅਮਰਜੀਤ ਚਾਹਲ ਨੇ ਆਪਣੀ ਕਹਾਣੀ- "ਸਿੱਧੀ ਗੱਲ", ਜਰਨੈਲ ਸਿੰਘ ਨੇ ਆਪਣਾ ਲੇਖ ਅਤੇ ਅਮਰਜੀਤ ਸੂਫ਼ੀ ਨੇ 'ਉਤਪਾਦਨ ਖੇਤਰ ਅਤੇ ਸਾਮਰਾਜ' ਲੇਖ ਪੜ੍ਹਿਆ। ਬਾਕੀ ਮੈਂਬਰਾਂ ਨੇ ਇਨ੍ਹਾਂ ਰਚਨਾਵਾਂ ਬਾਰੇ ਆਪਣੇ ਆਪਣੇ ਵਿਚਾਰ ਦੱਸੇ।

ਇਸ ਤੋਂ ਬਾਅਦ ਅਮਰਜੀਤ ਸੂਫ਼ੀ ਅਤੇ ਕੁਲਵੰਤ ਮੰਡੇਰਾ ਨੇ ਐਸੋਸੀਏਸ਼ਨ ਵਲੋਂ ਛਾਪੀ ਗਈ ਪੁਸਤਕ "ਕੈਨੇਡਾ ਦੀ ਪੰਜਾਬੀ ਕਵਿਤਾ" ਦੀ ਸੰਪਾਦਨਾ ਬਾਰੇ ਆਪਣੀ ਆਪਣੀ ਰੀਪੋਰਟ ਪੜ੍ਹੀ ਅਤੇ ਕੁਝ ਸਵਾਲ ਉਠਾਏ। ਇਨ੍ਹਾਂ ਸਵਾਲਾਂ ਵਿਚ 'ਸਦੀਆਂ ਦੀ ਵੰਡ', ਕਿਤਾਬ ਦੇ ਮੁੱਢ ਵਿਚ ਛਪੇ ਸੁਰਿੰਦਰ ਧੰਜਲ ਦੇ ਲੇਖ ਵਿਚ 1978-79 ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਦੀ ਸੂਚੀ ਦਾ ਨਾਂ ਹੋਣਾ ਆਦਿ ਸਨ। ਮੁੱਖ ਮਸਲਾ ਸੁਰਿੰਦਰ ਧੰਜਲ ਦੇ ਲੇਖ ਨੂੰ ਛਾਪਣ ਬਾਰੇ ਸੀ। ਅਮਰਜੀਤ ਸੂਫ਼ੀ ਅਨੁਸਾਰ ਐਸੋਸੀਏਸ਼ਨ ਦੀ ਮੀਟਿੰਗ ਵਿਚ ਇਸ ਲੇਖ ਨੂੰ ਨਾ ਛਾਪਣ ਦਾ ਫੈਸਲਾ ਕੀਤਾ ਗਿਆ ਸੀ, ਅਤੇ ਇਸ ਲੇਖ ਨੂੰ ਛਾਪਕੇ ਸੰਵਿਧਾਨ ਦੀ ਉਲੰਘਣਾ ਕੀਤੀ ਗਈ ਹੈ। ਇਸ ਤੋਂ ਬਾਅਦ ਸੰਬੰਧਤ ਮੈਂਬਰਾਂ (ਪ੍ਰਧਾਨ ਅਮਰਜੀਤ ਚਾਹਲ, ਅਤੇ ਸੰਪਾਦਕ ਅਜਮੇਰ ਰੋਡੇ) ਨੇ ਇਨ੍ਹਾਂ ਸੁਆਲਾਂ ਦੇ ਜੁਆਬ ਦਿੱਤੇ। ਇਸ ਮੀਟਿੰਗ ਵਿਚ ਇਹ ਫੈਸਲਾ ਵੀ ਕੀਤਾ ਗਿਆ ਕੁਝ ਸਮੇਂ ਲਈ ਐਸੋਸੀਏਸ਼ਨ ਦੀਆਂ ਰੈਗੂਲਰ ਮੀਟਿੰਗਾਂ ਦੋ ਹਫ਼ਤਿਆਂ ਦੀ ਥਾਂ, ਮਹੀਨੇ ਪਿਛੋਂ ਕੀਤੀਆਂ ਜਾਣ। ਸੁਖਵੰਤ ਹੁੰਦਲ ਵਲੋਂ ਕਿਤਾਬ ਲਈ ਇਕੱਠੇ ਕੀਤੇ ਫੰਡ ਅਤੇ ਇਸ ਉਪਰ ਹੋਏ ਖਰਚ ਬਾਰੇ ਦੱਸਣ ਤੋਂ ਬਾਅਦ ਮੀਟਿੰਗ ਸਮਾਪਤ ਕਰ ਦਿੱਤੀ ਗਈ।

ਅਗਸਤ 10 ਦੀ ਮੀਟਿੰਗ ਵਿਚ ਭਾਰਤ ਤੋਂ ਆਏ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ, ਸ੍ਰੀ ਗੁਰਮੀਤ ਪਲਾਹੀ ਹੋਰੀਂ ਸ਼ਾਮਲ ਹੋਏ, ਉਹ ਇੰਗਲੈਂਡ ਵਿਚ ਵਿਸ਼ਵ ਪੰਜਾਬੀ ਸੰਮੇਲਨ ਉਪਰ ਆਏ ਸਨ ਅਤੇ ਉਥੋਂ ਸ਼ਾਇਦ ਏਥੇ ਕੈਨੇਡਾ ਆਏ ਹੋਏ ਹਨ। ਸ੍ਰੀ ਪਲਾਹੀ ਨੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਜੋੜਨ ਦਾ ਸੱਦਾ ਦਿੱਤਾ ਤਾਂ ਕਿ ਇਕ ਦੂਜੇ ਦੀਆਂ ਸਰਗਰਮੀਆਂ ਬਾਰੇ ਤਾਲ ਮੇਲ ਰੱਖਿਆ ਜਾ ਸਕੇ। ਉਨ੍ਹਾਂ ਨੇ ਪੰਜਾਬ ਵਿਚਲੀਆਂ ਸਾਹਿਤਕ ਸਰਗਰਮੀਆਂ, ਅਤੇ ਵਿਸ਼ਵ ਪੰਜਾਬੀ ਸੰਮੇਲਨ ਦੀ ਕਾਰਵਾਈ ਬਾਰੇ ਵੀ ਮੈਂਬਰਾਂ ਨੂੰ ਜਾਣੂ ਕਰਵਾਇਆ।

ਬਾਅਦ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਚਾਹਲ ਨੇ, ਪਿਛਲੀ ਮੀਟਿੰਗ ਵਿਚ 'ਸੰਵਿਧਾਨ ਦੀ ਕਥਿਤ ਉਲੰਘਣਾ ਕਰਨ ਦੇ ਉਠਾਏ ਗਏ ਸੁਆਲ' ਕਾਰਣ ਆਪਣਾ ਅਸਤੀਫਾ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਅਪ੍ਰਵਾਨ ਕਰ ਦਿੱਤਾ ਗਿਆ। ਇਸ ਨਾਲ ਹੀ ਐਸੋਸੀਏਸ਼ਨ ਦੀ ਮੀਟਿੰਗ ਸਮਾਪਤ ਕਰ ਦਿੱਤੀ ਗਈ।

ਸੁਖਵੰਤ ਹੁੰਦਲ
ਸਕੱਤਰ

---

ਕੈਨੇਡਾ ਸਰਕਾਰ ਦੇ ਸੈਕਰੇਟਰੀ ਆਫ਼ ਸਟੇਟ ਡੀਪਾਰਟਮੈਂਟ ਵਲੋਂ ਸ਼ੁਰੂ ਕੀਤੇ ਹੋਏ ਇਕ ਸਾਹਿਤਕ ਪ੍ਰਾਜੈਕਟ ਅਧੀਨ ਕੈਨੇਡਾ ਵਿਚ ਲਿਖੇ ਜਾ ਰਹੇ ਪੰਜਾਬੀ ਸਾਹਿਤ- ਕਵਿਤਾ, ਕਹਾਣੀ, ਨਾਵਲ ਤੇ ਡਰਾਮਾ-ਦਾ ਸਰਵੇ ਅਤੇ ਮੁਲਾਂਕਣ ਕਰਵਾਇਆ ਜਾ ਰਿਹਾ ਹੈ। ਇਹ ਪਹਿਲਾ ਮੌਕਾ ਹੈ ਜਦੋਂ ਕਿ ਅਜਿਹਾ ਪ੍ਰਾਜੈਕਟ ਆਰੰਭਿਆ ਗਿਆ ਹੈ ਅਤੇ ਪੰਜਾਬੀ ਲੇਖਕਾਂ ਵਾਸਤੇ ਵੀ ਇਹ ਸੁਯੋਗ ਮੌਕਾ ਹੈ ਜਦੋਂ ਕਿ ਉਹ ਪੰਜਾਬੀ ਸਾਹਿਤ ਦੀ ਨੁਹਾਰ ਅਤੇ ਕਨੇਡੀਅਨ ਸਾਹਿਤ ਤੇ ਸਭਿਆਚਾਰ ਲਈ ਇਸ ਦੀ ਸਾਰਥਕਤਾ ਨੂੰ ਚੰਗੀ ਤਰ੍ਹਾਂ ਉਘਾੜ ਕੇ ਪੇਸ਼ ਕਰ ਸਕਦੇ ਹਨ। ਇਸ ਲਈ ਕੈਨੇਡਾ ਵਾਸੀ ਪੰਜਾਬੀ ਦੇ ਸਾਰੇ ਲੇਖਕਾਂ ਨੂੰ- ਭਾਵੇਂ ਉਨ੍ਹਾਂ ਦੀ ਕੋਈ ਪੁਸਤਕ ਛਪੀ ਹੈ ਜਾਂ ਨਹੀਂ- ਸੱਦਾ ਦਿੱਤਾ ਜਾਂਦਾ ਹੈ ਕਿ ਉਹ ਇਸ ਪ੍ਰਾਜੈਕਟ ਵਿਚ ਸਹਿਯੋਗ ਦੇਣ ਅਤੇ ਆਪਣੀਆਂ ਰਚਨਾਵਾਂ ਦੀ ਇਕ ਕਾਪੀ ਹੇਠਾਂ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।

ਸੁਰਜੀਤ ਕਲਸੀ
ਪ੍ਰਾਜੈਕਟ ਐਸੋਸੀਏਟ
5346 CECIL ST. VANCOUVER
B.C. V5R 4E5

---

ਪੰਜਾਬੀ ਲਿਟਰੇਰੀ ਐਸੋਸੀਏਸ਼ਨ • ਵਲੋਂ ਕੈਨੇਡਾ ਦੇ ਕਵੀਆਂ ਦੀਆਂ ਰਚਨਾਵਾਂ ਦਾ ਪਹਿਲਾ ਕਾਵਿ ਸੰਗ੍ਰਹਿ "ਕੈਨੇਡਾ ਦੀ ਪੰਜਾਬੀ ਕਵਿਤਾ" ਛਪ ਕੇ ਆ ਗਿਆ ਹੈ। ਇਸ ਵਿਚ ਕੈਨੇਡਾ ਵਾਸੀ 27 ਕਵੀ ਸ਼ਾਮਲ ਹਨ। ਨਾਨਕ ਸਿੰਘ ਪੁਸਤਕਮਾਲਾ ਵਲੋਂ ਪ੍ਰਕਾਸ਼ਤ ਕੀਤੀ ਇਸ ਪੁਸਤਕ ਦੀ ਦਿੱਖ ਤੇ ਛਪਾਈ ਖੂਬਸੂਰਤ ਹੈ। ਪੰਨੇ: 132 ਅਤੇ ਕੀਮਤ: 5 ਡਾਲਰ ਹੈ।
ਸਾਹਿਤ ਦੇ ਪ੍ਰੇਮੀ ਇਹ ਪੁਸਤਕ ਹੇਠ ਲਿਖੇ ਪਤੇ ਤੋਂ ਖਰੀਦ ਸਕਦੇ ਹਨ।
PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

# ੧੦ ਪੁਸਤਕ "ਕੈਨੇਡਾ ਦੀ ਪੰਜਾਬੀ ਕਵਿਤਾ" ਦੀ ਸੰਪਾਦਨਾ ਬਾਰੇ

ਸੂਫ਼ੀ ਅਮਰਜੀਤ, ਵੈਨਕੂਵਰ
(੩੦ ਜੂਨ ੧੯੮੦)

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ ਦਾ ਕਈ ਸਾਲਾਂ ਤੋਂ ਲਮਕਦਾ ਆਉਂਦਾ ਇਹ ਪ੍ਰੋਜੈਕਟ ਕਿ ਕੈਨੇਡਾ ਵਿਚ ਵਸਦੇ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਦੀ ਇਕ ਪੁਸਤਕ ਛਾਪੀ ਜਾਵੇ, 1980 ਵਿਚ ਛਪ ਗਈ ਹੈ। ਭਾਵੇਂ ਇਸ ਪੁਸਤਕ ਲਈ ਕਵਿਤਾਵਾਂ ਇਕੱਠੀਆਂ ਕਰਨ ਨੂੰ ਕਈ ਸਾਲ ਬੀਤ ਗਏ ਹਨ। ਫੇਰ, ਅਖੀਰ ਨੂੰ ਅਨੇਕਾਂ ਉਤਰਾਵਾਂ ਚੜ੍ਹਾਵਾਂ ਵਿਚੋਂ ਲੰਘ ਕੇ ਇਹ ਕਵਿਤਾ ਸੰਗ੍ਰਹਿ ਛਪ ਕੇ ਆ ਗਿਆ ਹੈ।

ਇਸ ਸੰਗ੍ਰਹਿ ਦੇ ਛਪਣ ਦੇ ਰਾਹ ਵਿਚ ਅੜਚਨ ਕਹੀਏ ਜਾਂ ਖਿਚੋਤਾਣ ਆਖੀਏ, ਇਕ ਇਹ ਸੀ ਕਿ ਕੁਝ ਕਵੀ ਸੱਜਣ ਇਸ ਦੁੱਖ ਨੇ ਵਿਆਕੁਲ ਕੀਤੇ ਹੋਏ ਸਨ ਕਿ ਇਹ ਸੰਗ੍ਰਹਿ ਉਨ੍ਹਾਂ ਦੀ ਸਰਪ੍ਰਸਤੀ ਵਿਚ ਛਪੇ ਜਾਂ ਕਿਸੇ ਕਿਸੇ ਟੇਢੇ ਢੰਗ ਨਾਲ ਉਨ੍ਹਾਂ ਦਾ ਨਾਂ ਇਸ ਰਚਨਾ ਦੇ 'ਮੁਖੀ' ਸੰਪਾਦਕ ਕਰਤਿਆਂ ਦੇ ਰੂਪ ਵਿਚ ਆਵੇ। ਇਹ ਵੱਖੋ ਵੱਖ ਕਿਸਮ ਦੇ ਮਨੁੱਖਾਂ ਦੀਆਂ ਭੁੱਖੀਆਂ ਤ੍ਰਿਹਾਈਆਂ ਹਨ ਜਿਨ੍ਹਾਂ ਤੋਂ ਮੁਕਤ ਹੋਣਾ ਉਨ੍ਹਾਂ ਦੇ ਵਸ ਦਾ ਰੋਗ ਨਹੀਂ ਜਾਪਦਾ। ਉਨ੍ਹਾਂ ਲਈ ਸਵੈਪ੍ਰਦਰਸ਼ਨ ਦੀ ਭੁੱਖ ਉਨ੍ਹਾਂ ਭੁੱਖਾਂ ਵਿਚੋਂ ਇਕ ਭੁੱਖ ਹੈ ਜਿਸ ਬਾਰੇ ਗੁਰੂ ਨਾਨਕ ਕਹਿੰਦੇ ਹਨ: ਭੁਖਿਆ ਭੁਖ ਨ ਉਤਰੀ॥

ਉਂਜ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਇਕ ਮੀਟਿੰਗ ਇਸ ਲਈ ਬੁਲਾਈ ਗਈ ਜਿਸ ਦਾ ਏਜੰਡਾ ਸਿਰਫ਼ ਪਰਕਾਸ਼ਤ ਪੁਸਤਕ ਲਈ ਕਵਿਤਾਵਾਂ ਦੀ ਚੋਣ ਨੂੰ ਆਖਰੀ ਰੂਪ ਦੇਣਾ, ਆਰਥਿਕ ਪ੍ਰਬੰਧ ਕਰਨਾ ਅਤੇ ਇਸ ਦੇ ਮੁਖਬੰਦ ਨੂੰ ਪਰਵਾਨਗੀ ਦੇਣੀ ਸੀ। ਇਹ ਏਜੰਡਾ ਬੜੀ ਹੱਦ ਤੱਕ ਪਹਿਲੀ ਮੀਟਿੰਗ ਵਿਚ ਹੀ ਨੇਪਰੇ ਚਾੜ੍ਹ ਲਿਆ ਗਿਆ। ਵੈਨਕੂਵਰ ਤੋਂ ਬਾਹਰ ਰਹਿੰਦੇ ਲੇਖਕਾਂ ਨਾਲ ਆਰਥਿਕ ਸਹਾਇਤਾ ਸੰਬੰਧੀ ਸੰਪਰਕ ਕਾਇਮ ਕਰਨ ਅਤੇ ਮੁਖਬੰਦ (ਪਰਵੇਸ਼) ਸੰਬੰਧੀ ਇਕ ਹੋਰ ਮੀਟਿੰਗ ਬੁਲਾਈ ਗਈ। ਅਗਲੀ ਮੀਟਿੰਗ ਵਿਚ ਰੀਪੋਰਟ ਹੋਣ ਤੇ ਪਤਾ ਲੱਗਾ ਕਿ ਕੁਝ ਕਹਿੰਦੇ ਕਹਾਉਂਦੇ ਕਵੀਆਂ ਨੇ ਆਰਥਿਕ ਸਹਾਇਤਾ ਜੋ ੨੫ ਡਾਲਰ ਮਿਥੀ ਗਈ ਸੀ ਦੇਣ ਤੋਂ ਇਨਕਾਰ ਕਰ ਦਿਤਾ, ਕਵੀਆਂ ਨੇ ਨਾਲੇ ਹੀ ਨਾਲੇ, ਕਈ ਜੋ ਆਪਣੇ ਆਪ ਨੂੰ ਬਹੁਤ ਉੱਚੇ ਕੋਟੀ ਦੇ ਕਵੀ ਸਮਝਦੇ ਹਨ, ਇਸ ਪੁਸਤਕ ਵਿਚ ਸਾਂਝ ਪਾਉਣ ਤੋਂ ਹੀ ਇਨਕਾਰ ਕਰ ਦਿਤਾ ਜਿਵੇਂ ਉਹ ਇਸ ਪੁਸਤਕ ਵਿਚ ਸ਼ਾਮਲ ਹੋਣਾ ਹੇਠੀ ਸਮਝਦੇ ਹੋਣ ਜਾਂ ਸ਼ਾਇਦ ਸਮਝਦੇ ਹੋਣ ਕਿ ਉਨ੍ਹਾਂ ਦੀਆਂ ਰਚਨਾਵਾਂ ਤੋਂ ਬਿਨਾਂ ਇਹ ਪੁਸਤਕ ਅਧੂਰੀ ਜਾਪੇਗੀ ਜਾਂ ਉਨ੍ਹਾਂ ਆਪਣੀ ਕਵਿਤਾ ਨੂੰ ਇਸ ਸੰਗ੍ਰਹਿ ਤੋਂ ਪਰੇ ਰੱਖ ਕੇ ਆਪਣੇ ਆਪ ਨੂੰ ਪ੍ਰਯੋਗਵਾਦ ਜਾਂ ਸਰੋਦਵਾਦ ਦੀ ਪਾਲ੍ਹੀ ਵਿਚ ਖੜੇ ਕਰਨਾ ਆਪਣੀ ਉੱਚਤਾ ਸਮਝੀ ਹੋਵੇ।

ਇਹ ਫੈਸਲਾ ਪਹਿਲੀ ਮੀਟਿੰਗ ਵਿਚ ਹੀ ਲਿਆ ਗਿਆ ਕਿ ਆਮ ਛਪਦੇ ਲੇਖਕਾਂ ਦੀਆਂ ਚਾਰ ਜਾਂ ਪੰਜ ਕਵਿਤਾਵਾਂ ਛਾਪੀਆਂ ਜਾਣ; ਨਵੇਂ ਲੇਖਕਾਂ ਦੀਆਂ ਘੱਟੋ ਘੱਟ ਦੋ ਕਵਿਤਾਵਾਂ ਜ਼ਰੂਰ ਛਾਪੀਆਂ ਜਾਣ ਤਾਂ ਜੋ ਆਮ ਛਪਦੇ ਲੇਖਕਾਂ ਦੇ ਵਿਚਾਰਾਂ ਸੰਬੰਧੀ ਪਾਠਕ ਕੋਈ ਰਾਏ ਬਣਾ ਸਕਣ; ਨਵੇਂ ਲੇਖਕ ਇਸ ਤੋਂ ਉਤਸ਼ਾਹ ਲੈ ਸਕਣ। ਇਕ ਇਹ ਸੁਝਾ ਵੀ ਸੀ ਕਿ ਸਭ ਨੂੰ ਇਕੋ ਜਿਹੇ ਪੰਨੇ ਦਿੱਤੇ ਜਾਣ ਪਰ ਇਹ ਸੁਝਾ ਰੱਦ ਕਰ ਦਿਤਾ ਗਿਆ।

ਦੂਜੀ ਮੀਟਿੰਗ ਵਿਚ ਪ੍ਰਧਾਨ ਅਮਰਜੀਤ ਚਾਹਲ ਨੇ ਦੱਸਿਆ ਕਿ ਸੁਰਿੰਦਰ ਧੰਜਲ ਨੇ ਐਸੋਸੀਏਸ਼ਨ ਸੰਬੰਧੀ ਇਕ ਰੀਪੋਰਟ ਭੇਜੀ ਹੈ ਤੇ ਉਸ ਨੇ ਇਸ ਨੂੰ ਜ਼ਰੂਰ ਹੀ ਛਾਪੇ ਜਾਣ ਉੱਤੇ ਜ਼ੋਰ ਦਿਤਾ ਹੈ। ਅਤੇ ਉਸ ਨੇ ਕਈ ਪ੍ਰਮੁੱਖ ਮੈਂਬਰਾਂ ਨੂੰ ਫੋਨ ਵੀ ਕੀਤੇ ਹਨ ਕਿ ਉਸ ਦੀ ਰੀਪੋਰਟ ਜ਼ਰੂਰ ਛਾਪੀ ਜਾਵੇ। ਔਰ ਇਸ ਲਈ ਧੰਜਲ ਕਸੂਰਵਾਰ ਨਹੀਂ ਕਿਉਂਕਿ ਉਸਦੀ ਇਹ ਦਿਲੀ ਰਾਏ ਸੀ ਕਿ ਇਹ ਰੀਪੋਰਟ ਛਾਪੀ ਜਾਵੇ। ਧੰਜਲ ਦੀ ਰੀਪੋਰਟ ਮੀਟਿੰਗ ਵਿਚ ਪੜ੍ਹੀ ਜਾਣ ਉਪਰੰਤ ਇਹ ਸਰਬਸੰਮਤੀ ਦਾ ਫੈਸਲਾ ਸੀ ਕਿ ਇਹ ਕਿਤਾਬ ਦੇ ਵਿਚ ਨਾ ਛਾਪੀ ਜਾਵੇ। ਇਕ ਸੁਝਾ ਵੀ ਆਏ ਸੀ ਕਿ ਇਸ ਨੂੰ ਕਿਤਾਬ ਦੇ ਅੰਤ ਵਿਚ ਛਾਪਿਆ ਜਾਵੇ। ਪਰ ਅੰਤਮ ਰਾਏ ਸਭ ਦੀ ਇਹ ਹੀ ਸੀ ਕਿ ਇਸ ਨੂੰ ਨਾ ਛਾਪਿਆ ਜਾਵੇ, ਪਰਵੇਸ਼ ਹੀ ਕਾਫ਼ੀ ਹੈ। ਦੂਜੇ ਸ਼ਬਦਾਂ ਵਿਚ ਇਉਂ ਸਪਸ਼ਟ ਕਰ ਸਕਦੇ ਹਾਂ ਕਿ ਇਹ ਫੈਸਲਾ ਬਿਲਕੁਲ ਨਹੀਂ ਲਿਆ ਗਿਆ ਕਿ ਇਹ ਛਾਪੀ ਜਾਵੇ ਜਾਂ ਜ਼ਰੂਰ ਛਾਪੀ ਜਾਵੇ। ਇਹ ਖਿਆਲ ਸਾਂਝਾ ਸੀ ਕਿ ਇਸ ਦਾ ਕਵਿਤਾ ਸੰਗ੍ਰਹਿ ਨਾਲ ਕੋਈ ਸੰਬੰਧ ਨਹੀਂ ਹੈ ਭਾਵੇਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀਆਂ ਕਮੇਟੀਆਂ ਦੇ ਨਾਂ ਗਿਣਨ ਤੋਂ ਬਿਨਾਂ ਕੋਈ ਵਿਸ਼ੇਸ਼ ਸਾਹਿਤਕ ਗੱਲ ਇਸ ਰੀਪੋਰਟ ਵਿਚ ਨਹੀਂ ਹੈ। ਇਸ ਤੋਂ ਬਿਨਾਂ ਅਜਮੇਰ ਰੋਡੇ ਵਲੋਂ ਲਿਖੇ ਗਏ 'ਪਰਵੇਸ਼' ਦੇ ਸਫ਼ਾ ਗਿਆਰਾਂ ਉਪਰ ਦੇ ਪੈਰੇ ਧੰਜਲ ਦੀ ਵਿਸਤਰਤ ਰੀਪੋਰਟ ਨਾਲੋਂ ਸੰਖੇਪ ਵਿਚ ਬਥੇਰੇ ਪ੍ਰਭਾਵਸ਼ਾਲੀ ਹਨ। ਮੀਟਿੰਗ ਦੇ ਅੰਤ ਵਿਚ ਅਜਮੇਰ ਰੋਡੇ ਦਾ ਲਿਖਿਆ 'ਪਰਵੇਸ਼' ਮਾਮੂਲੀ ਸੋਧ ਤੋਂ ਮਗਰੋਂ ਛਪਣ ਲਈ ਪਰਵਾਨ ਕਰ ਲਿਆ ਗਿਆ।

ਇਸ ਕਵਿਤਾ ਸੰਗ੍ਰਹਿ ਦੇ ਛਾਪਣ ਲਈ ਇਸ ਲਈ ਮੀਟਿੰਗਾਂ ਬੁਲਾ ਕੇ ਫੈਸਲੇ ਲੈ ਕੇ ਅਮਲੀ ਰੂਪ ਦਿਤਾ ਜਾ ਸਕਿਆ ਕਿ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਸੁਖਵੰਤ ਹੁੰਦਲ ਨੇ ਭਾਰਤ ਜਾਣਾ ਸੀ। ਉਨ੍ਹਾਂ ਪੁਸਤਕ ਛਪਣ ਦੀ ਦੇਖਭਾਲ ਲਈ ਜ਼ਿੰਮੇਵਾਰੀ ਲਈ ਜੋ ਕਿ ਉਨ੍ਹਾਂ ਛੁੱਟੀਆਂ ਵਿਚੋਂ ਸਮਾਂ ਕੱਢ ਕੇ ਨਿਭਾਈ।

ਪੁਸਤਕ ਛਾਪਣ ਉਪਰੰਤ ਜਦੋਂ ਦੇਖੀ ਤਾਂ ਮੇਰੇ ਮਨ ਨੂੰ ਬੜਾ ਹੀ ਦੁੱਖ ਹੋਇਆ ਕਿ ਐਸੋਸੀਏਸ਼ਨ ਦੀ ਮੀਟਿੰਗ ਵਿਚ ਲਏ ਫੈਸਲਿਆਂ ਨੂੰ ਕਿਵੇਂ ਪੈਰਾਂ ਹੇਠ ਲਤਾੜ ਕੇ ਪੁਸਤਕ ਦੀ ਸੰਪਾਦਨਾ ਕੀਤੀ ਗਈ ਹੈ। ਇਹ ਛਾਪਣ ਲਈ ਜ਼ਿੰਮੇਵਾਰ ਸੱਜਣਾਂ ਦੀ ਆਪਹੁਦਰਾਸ਼ਾਹੀ ਹੀ ਕਹੀ ਜਾ ਸਕਦੀ ਹੈ ਮੈਂ ਇਸ ਨੂੰ ਅਤੀ ਨਿੰਦਨਯੋਗ ਸਮਝਦਾ ਹਾਂ। ਇਹ ਫੈਸਲਾ ਵੋਟ ਰਾਹੀਂ ਬਹੁ-ਸੰਮਤੀ ਦੇ ਜ਼ੋਰ ਕੀਤਾ ਜਾ ਸਕਦਾ ਸੀ ਜਿਸ ਦਾ ਕਿਸੇ ਨੂੰ ਦੁੱਖ ਨਾ ਹੁੰਦਾ, ਪਰ ਸਰਬਸੰਮਤੀ ਨਾਲ ਲਏ ਫੈਸਲਿਆਂ ਦੇ ਬੜੇ ਘਟੀਆ ਢੰਗ ਨਾਲ ਨਕਾਰਨ ਕੀਤਾ ਗਿਆ ਹੈ।

ਮੈਂ ਆਪਣੀ ਗੱਲ ਕਰਦਾ ਹਾਂ ਕਿ ਮੇਰੀਆਂ ਦੋ ਕਵਿਤਾਵਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਇਕ ਲੰਮੀ ਹੈ ਪਰ ਮੈਂ ਇਸ ਦੀ ਥਾਂ ਤੇ ਹੋਰ ਪੰਜ ਦੇਣੀਆਂ ਚਾਹੁੰਦਾ ਸਾਂ ਜੋ ਕਿ ਮੀਟਿੰਗ ਵਿਚ ਅਜਮੇਰ ਦੇ ਕਹਿਣ ਉਪਰ ਮੈਂ ਇਹ ਲੰਮੀ ਕਵਿਤਾ ਰਖੀ ਜਦੋਂ ਕਿ ਮੈਂ ਇਸ ਤੋਂ ਬਿਨਾਂ ਪੰਜ ਦੇਣੀਆਂ ਚਾਹੁੰਦਾ ਸਾਂ ਜੋ ਕਿ ਇਸ ਲੰਮੀ ਕਵਿਤਾ ਸਮੇਤ ਪਰਵਾਨ ਕੀਤੀਆਂ ਗਈਆਂ। ਮੇਰੀਆਂ ਹੋਰ ਕਵਿਤਾਵਾਂ ਦੇ ਹਿੱਸੇ ਆਉਂਦੇ ਸਫ਼ੇ ਕੱਟ ਕੇ ਉਸ ਰੀਪੋਰਟ ਲਈ ਦਿੱਤੇ ਗਏ ਜੋ ਕਿ ਸਭਾ ਨੇ ਨਾ ਛਾਪਣੀ ਪਰਵਾਨ ਕੀਤੀ ਸੀ, ਬਾਦ ਲਏ ਫੈਸਲੇ ਦੀ ਉਲੰਘਣਾ ਕੀਤੀ ਗਈ। ਅਜਮੇਰ ਰੋਡੇ ਦੀ ਪੰਜ ਕਵਿਤਾਵਾਂ ਸਮੇਤ ਪਰਵੇਸ਼ ਦੇ ੧ ਸਫ਼ੇ ਅਤੇ ਧੰਜਲ ਸਾਹਿਬ ਦੀਆਂ ਪੰਜ ਕਵਿਤਾਵਾਂ ਸਮੇਤ ਰੀਪੋਰਟ ਦੇ 13 ਸਫ਼ੇ, ਕੁਲਵੰਤ ਨਹੋਤਾ ਨੂੰ ਸਿਰਫ਼ ਇਕ ਸਫ਼ਾ ? ਮੈਂ ਇਸ ਨੂੰ ਆਪਹੁਦਰਾਸ਼ਾਹੀ ਤੋਂ ਬਿਨਾਂ ਹੋਰ ਕੁਝ ਕਹਿਣ ਲਈ ਤਿਆਰ ਨਹੀਂ ਹਾਂ। ਹੋ ਸਕਦਾ ਕਿ ਮੇਰੀ ਇਸ ਵਿਆਖਿਆ ਨੂੰ ਇਸ ਰੂਪ ਵਿਚ ਲਿਆ ਜਾਵੇ ਕਿ ਮੈਂ ਆਪਣੇ ਲਈ ਬਹੁਤਾ ਥਾਂ ਮੰਗਦਾ ਹੋਵਾਂ। ਇਹ ਬਿਲਕੁਲ ਨਹੀਂ। ਮੈਂ ਤਾਂ ਮੀਟਿੰਗ ਵਿਚ ਲਏ ਫੈਸਲਿਆਂ ਦੀ ਉਲੰਘਣਾ ਕਰਨ ਉਪਰ ਦੁੱਖ ਪਰਗਟ ਕਰ ਰਿਹਾ ਹਾਂ। ਐਸੋਸੀਏਸ਼ਨ ਦੇ ਫੈਸਲਿਆਂ ਦੀ ਉਲੰਘਣਾ ਕਰਨ ਦੀ ਜ਼ਿੰਮੇਵਾਰੀ ਕਿਸ ਉਪਰ ਹੈ? ਇਹ ਹੈ ਉਨ੍ਹਾਂ ਸੱਜਣਾ ਉਪਰ ਜਿਨ੍ਹਾਂ ਪੁਸਤਕ ਨੂੰ ਛਾਪਣ ਦੀ ਪੂਰੀ ਜ਼ਿੰਮੇਵਾਰੀ ਲੈ ਕੇ ਉਸ ਉਪਰ ਅਮਲ ਕੀਤਾ ਹੈ। ਜੋ ਉਹ ਸਿਰਫ਼ ਐਸੋਸੀਏਸ਼ਨ ਦੇ ਫੈਸਲਿਆਂ ਨੂੰ ਹੀ ਨਹੀਂ ਸਗੋਂ ਸਮੁੱਚੀ ਐਸੋਸੀਏਸ਼ਨ ਦੇ ਅਪਮਾਨ ਕਰਨ ਦੇ ਜ਼ਿੰਮੇਵਾਰ ਹਨ।

ਜਿੱਥੋਂ ਤੱਕ ਪੁਸਤਕ ਛਾਪਣ ਵਿਚ ਹਿੱਸਾ ਪਾਉਣ ਦਾ ਸੰਬੰਧ ਹੈ ਉਥੇ ਇਹ ਸੱਜਣ ਵਧਾਈ ਦੇ ਹੱਕਦਾਰ ਹਨ। ਜਿਥੇ ਸਭਾ ਦੇ ਫੈਸਲਿਆਂ ਦਾ ਉਲੰਘਣ ਕਰਨ ਦਾ ਸਵਾਲ ਹੈ ਉਥੇ ਇਹ ਦੋਸ਼ੀ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਇਸ ਆਪ ਹੁਦਰੇਪਨ ਦਾ ਅਹਿਸਾਸ ਕਰਨ।

ਸਭਾ ਦੇ ਇਤਿਹਾਸ ਵਿਚ ਪਹਿਲਾਂ ਵੀ ਅਜਿਹੀਆਂ ਗੁੱਟਬੰਦੀਆਂ ਕਾਰਨ ਸਭਾ ਨੂੰ ਨੁਕਸਾਨ ਪੁੱਜਾ ਹੈ ਜਿਸ ਦਾ ਸੁਰਿੰਦਰ ਧੰਜਲ ਨੇ ਕਿਧਰੇ ਜ਼ਿਕਰ ਨਹੀਂ ਕੀਤਾ। ਹੁਣ ਵੀ ਇਹ ਨਾਖੁਸ਼ਗਵਾਰ ਘਟਨਾ ਸਭਾ ਦੇ ਵਿਕਾਸ ਉੱਤੇ ਸੱਟ ਮਾਰੇਗੀ।

ਹੋ ਸਕਦੈ ਮੇਰੇ ਇਸ ਲੇਖ ਦਾ ਕੁਝ ਸਾਥੀਆਂ ਨੂੰ ਦੁੱਖ ਲੱਗੇਗਾ, ਉਨ੍ਹਾਂ ਦੇ ਮਨਾਂ ਵਿਚ ਮੇਰੇ ਪ੍ਰਤੀ ਪ੍ਰਤੀਰੋਧ ਉਠੇਗਾ। ਪਰ ਮੈਂ ਜਿਵੇਂ ਮਹਿਸੂਸ ਕੀਤਾ ਹੈ ਉਵੇਂ ਹੀ ਆਪਣੀ ਰਾਏ ਪਾਠਕਾਂ ਤੱਕ ਪਹੁੰਚਾਉਣੀ ਜ਼ਰੂਰੀ ਸਮਝਦਾ ਹਾਂ।

ਜੋ ਕੁਝ ਛਪ ਚੁਕਾ ਉਹ ਮਿਟ ਨਹੀਂ ਸਕਦਾ। ਉਹ ਤਾਂ ਸਭਾ ਉਪਰ, ਉਸ ਦੇ ਜਮਹੂਰੀ ਕਿਰਦਾਰ ਉਪਰ ਅਤੇ ਉਸ ਦੀ ਨਿਰਪਖਤਾ ਉਪਰ ਸਦੀਵੀ ਧੱਬਾ ਬਣ ਕੇ ਲੱਗ ਚੁੱਕਾ ਹੈ।

---

ਈਸਟ ਇੰਡੀਅਨ ਵੇਟ ਲਿਫਟਿੰਗ ਐਸੋਸੀਏਸ਼ਨ ਵਲੋਂ ਸਵਰਗਵਾਸੀ ਅਮਰਜੀਤ ਸਿੰਘ ਜੌਹਲ ਅਤੇ ਰਸ਼ਪਾਲ ਸਿੰਘ ਰਾਏ ਦੀ ਯਾਦ ਵਿਚ ਭਾਰ ਚੁਕਣ ਦਾ ਇਕ ਮੁਕਾਬਲਾ 31 ਅਗਸਤ ਦਿਨ ਐਤਵਾਰ ਨੂੰ 4 ਵਜੇ ਜੌਹਨ ਓਲੀਵਰ ਸੈਕੰਡਰੀ ਸਕੂਲ ਜਿਹੜਾ 41 ਅਤੇ ਫਰੇਜ਼ਰ ਉੱਤੇ ਹੈ, ਵਿਚ ਕਰਵਾਇਆ ਜਾ ਰਿਹਾ ਹੈ। ਦਰਸ਼ਕਾਂ ਲਈ 3:30 ਵਜੇ ਦਰਵਾਜ਼ੇ ਖੋਲ੍ਹੇ ਜਾਣਗੇ। ਇਸ ਟੂਰਨਾਮੈਂਟ ਵਿਚ 10 ਨੌਜਵਾਨ ਇੰਗਲੈਂਡ ਤੋਂ ਅਤੇ, ਪੰਜ ਜਾਂ ਛੇ ਗੋਰੇ ਖਿਡਾਰੀਆਂ ਅਤੇ ਬਾਕੀ ਇਥੋਂ ਦੇ ਭਾਰ ਚੁਕਣ ਵਾਲਿਆਂ ਦੇ ਮੁਕਾਬਲੇ ਹੋਣਗੇ। ਇਸ ਟੂਰਨਾਮੈਂਟ ਦੀ ਕੋਈ ਟਿਕਟ ਨਹੀਂ ਹੋਵੇਗੀ। ਇਸ ਤਰ੍ਹਾਂ ਦਾ ਟੂਰਨਾਮੈਂਟ ਕੈਨੇਡਾ ਦੀ ਜ਼ਿੰਦਗੀ ਵਿਚ ਆਪਣੀ ਕਿਸਮ ਦਾ ਪਹਿਲਾ ਹੋਵੇਗਾ ਜਿਸ ਵਿਚ ਉਲੰਪਿਕ ਮੁਕਾਬਲਿਆਂ ਦੀ ਤਰ੍ਹਾਂ ਭਾਰ ਚੁਕਿਆ ਜਾਏਗਾ। ਹੋਰ ਜਾਣਕਾਰੀ ਲਈ ਫੋਨ ਕਰੋ: 941-6380


# VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਸੈਂਕੜਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST.**

**VANCOUVER, B.C.**

# LOYAL FURNITURE LTD.

## Offers Best Prices in Town

**On All Kinds of Household Furniture, Appliances & Carpets**

# INVENTORY REDUCTION SALE



ALL KINDS OF APPLIANCES:

- **T.V.'S**
- **STEREO'S**
- **FRIDGES & STOVES**
- **WASHERS & DRYERS**
- **CARPETS**

## PH: 879-8319

ALL KINDS OF HOUSEHOLD FURNITURE FOR:

- **KITCHEN**
- **LIVING ROOM**
- **DINING ROOM**
- **BED ROOM**

*COME & SEE*
*BUY & SAVE*



**ਲੋਇਲ** , ਤੁਹਾਡਾ ਆਪਣਾ ਸਟੋਰ - ਵੈਨਕੂਵਰ ਵਿੱਚ ਸਭ ਤੋਂ ਵਧੀਆ ਤੇ ਨਿਰਾਲਾ ....
**ਫਰਨੀਚਰ** • ਵਧੀਆ ਮਾਲ • ਸਸਤੇ ਭਾਅ • ਸੁਨਹਿਰੀ ਮੌਕਾ ... ਬੈੱਡਰੂਮ ਸੈੱਟ, ਫਰਨੀਚਰ, ਰੱਗਾਂ ...

**LOYAL FURNITURE LTD.**
2707 Main (at 11th)

VISA

Ph. 879-8319
OPEN 7 DAYS A WEEK

# ISLAND INSURANCE AGENCY LTD.

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਲਾਹਿਕਰ:-

ਮਲਕੀਤ ਸਿੰਘ ਅਠਵਾਲ

**Before You Insure It**
**Or Renew Your Existing Policy**
**See Us First**



**MALKIAT SINGH ATHWAL**
FIELD MANAGER

* Need Life Insurance
* Accident and Sickness Policy
* Business
* Commercial: Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance
  Needs

**BUS: 278-3707**
**278-2515**

**RES: 271-1490**

***For All Your Insurance Needs***

## Give me a call 'n see the difference.

**WE OFFER A COMPLETE INSURANCE SERVICE 12 MONTHS A YEAR.**

**COMPLETE INSURANCE SERVICE SINCE 1917**

## ISLAND INSURANCE AGENCY LTD.

**6700 No. 3 Road Phone 278-2515**
**Richmond, B.C. V6Y 2C3**

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ
**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233

# FRONTIER CLOTH HOUSE LTD.
## 6695 MAIN STREET VANCOUVER, B.C.

## THE KING OF SAREE

Tel.: 325-4424

**FRONTIER**

**THE HOUSE OF**

**FASHION FABRICS**




Tel.: 325-3515

**FRONTIER**

**THE HOUSE OF**

**BEAUTIFUL SAREES**

***Frontier — the Fair Deal Store***




***Frontier — the First In Fashion***

# THINK OF US AS BIGGEST SAREE STORE IN CANADA

WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2